ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030309
Available online at: www.armaan.org.in
DOI: https://doi.org/10.64119/armaan.vol.3.issue3.09

# ਵਿਸ਼ਵੀਕਰਨ: ਕਿਸਾਨੀ ਸਮੱਸਿਆ ਤੇ ਬਲਦੇਵ ਸਿੰਘ ਦੇ ਨਾਵਲ

# VISHVIKARAN: KISANI SAMASYA TE BALDEV SINGH DE NOVEL

**ਪ੍ਰੋ. ਰਾਜਵਿੰਦਰ ਕੌਰ (Prof. Rajwinder Kaur)**
**ਅਸਿਸਟੈਂਟ ਪ੍ਰੋਫੈਸਰ, ਪੰਜਾਬੀ (Assistant Professor, Punjabi)**
**ਮਾਤਾ ਸਾਹਿਬ ਕੌਰ ਖਾਲਸਾ ਕਾਲਜ, ਤਲਵੰਡੀ ਭਾਈ, ਜਿਲ੍ਹਾ ਫਿਰੋਜਪੁਰ(ਪੰਜਾਬ)**
**Email ID: rajugur310@gmail.com ਮੋਬਾਈਲ: +91-94176-66741**

**ਸਾਰ (Abstract)**

*ਸਾਹਿਤ ਵਸਤੂ ਜਗਤ ਦਾ ਕਾਲਪਨਿਕ ਰੂਪ ਹੈ। ਸਾਹਿਤਕਾਰ ਸਮਾਜ ਵਿਚਲੀਆਂ ਬੁਰਾਈਆਂ,ਘਟਨਾਵਾਂ ਤੇ ਵਾਪਰਨ ਵਾਲ਼ੀ ਹਰ ਗੱਲ ਨੂੰ ਦਿਬ ਦ੍ਰਿਸ਼ਟੀ ਨਾਲ ਘੋਖ ਕੇ ਉਸ ਨੂੰ ਕਾਲਪਨਿਕ ਪੁਠ ਚੜ੍ਹਾ ਕੇ ਇੱਕ ਕ੍ਰਿਤ ਦਾ ਰੂਪ ਦੇ ਦਿੰਦਾ ਹੈ। ਸਾਹਿਤ ਸਮਾਜਿਕ ਬਦਲਾਵਾਂ ਨੂੰ ਪੇਸ਼ ਕਰਦਾ ਹੈ। ਵਰਤਮਾਨ ਸਮੇਂ ਵਿੱਚ ਵਿਸ਼ਵੀਕਰਨ ਨੇ ਪੰਜਾਬ ਦੇ ਖੇਤੀ ਪ੍ਰਧਾਨ ਸਮਾਜ ਵਿੱਚ ਵੱਡੀ ਤਬਦੀਲੀ ਲਿਆਂਦੀ ਹੈ, ਜਿਵੇਂ ਕਿ ਮਸ਼ੀਨੀਕਰਨ, ਆਰਥਿਕ ਸੰਕਟ ਅਤੇ ਰਿਸ਼ਤਿਆਂ ਦਾ ਟੁੱਟਣਾ। ਨਾਵਲ, ਜੋ ਖੁਦ ਬਸਤੀਵਾਦੀ ਦੌਰ ਦੀ ਉਪਜ ਹੈ, ਨੇ ਇਸ ਵਿਸ਼ਵੀਕਰਨ ਦੇ ਪ੍ਰਭਾਵਾਂ ਨੂੰ ਆਪਣੇ ਵਿੱਚ ਸਮੋ ਲਿਆ ਹੈ। ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ ਦੀਆਂ ਰਚਨਾਵਾਂ ਵਿੱਚ ਇਹ ਬਦਲਾਅ ਸਪਸ਼ਟ ਰੂਪ ਵਿੱਚ ਦੇਖੇ ਜਾ ਸਕਦੇ ਹਨ। ਉਹਨਾਂ ਦੇ ਨਾਵਲ ਪੰਜਾਬੀ ਸਮਾਜ ਉੱਤੇ ਵਿਸ਼ਵੀਕਰਨ ਦੇ ਨਕਾਰਾਤਮਕ ਪ੍ਰਭਾਵਾਂ, ਜਿਵੇਂ ਕਿ ਕਿਸਾਨੀ ਦੀ ਬਦਹਾਲੀ, ਪਿੰਡਾਂ ਤੋਂ ਸ਼ਹਿਰਾਂ ਵੱਲ ਪ੍ਰਵਾਸ ਅਤੇ ਪਰੰਪਰਾਗਤ ਕਦਰਾਂ-ਕੀਮਤਾਂ ਦੀ ਟੁੱਟ-ਭੱਜ ਨੂੰ ਡੂੰਘਾਈ ਨਾਲ ਦਰਸਾਉਂਦੇ ਹਨ। ਉਹਨਾਂ ਦੀਆਂ ਰਚਨਾਵਾਂ ਦਰਸਾਉਂਦੀਆਂ ਹਨ ਕਿ ਕਿਵੇਂ ਵਿਸ਼ਵੀਕਰਨ ਨੇ ਪੰਜਾਬੀ ਸਮਾਜ ਦੀ ਮੂਲ ਬਣਤਰ ਅਤੇ ਪਛਾਣ ਨੂੰ ਚੁਣੌਤੀ ਦਿੱਤੀ ਹੈ। ਇਸ ਤਰ੍ਹਾਂ ਬਲਦੇਵ ਸਿੰਘ ਦੇ ਨਾਵਲ ਵਿਸ਼ਵੀਕਰਨ ਦੁਆਰਾ ਪੀੜਤ ਪੰਜਾਬੀ ਸਮਾਜ ਦਾ ਯਥਾਰਥਕ ਚਿੱਤਰ ਪੇਸ਼ ਕਰਦੇ ਹਨ।*

***ਕੀਵਰਡ (Keyword): ਸਾਹਿਤ, ਨਾਵਲ, ਸਮਾਜਿਕ ਪਰਿਪੇਖ, ਵਿਸ਼ਵੀਕਰਨ, ਪੂੰਜੀਵਾਦ, ਕਿਸਾਨੀ ਸਮੱਸਿਆਵਾਂ, ਬਲਦੇਵ ਸਿੰਘ।***

ਸਾਹਿਤ ਮਨੁੱਖੀ ਸਿਰਜਣਾਵਾਂ ਵਿਚੋਂ ਸੂਖਮ, ਜਟਿਲ ਅਤੇ ਸੁਰਜਾਤਮਕ ਬੋਧਿਕ ਸਰਗਰਮੀ ਹੈ। ਸਾਹਿਤ ਕਲਾ ਦਾ ਅਜਿਹਾ ਰੂਪ ਹੈ, ਜਿਹੜਾ ਭਾਸ਼ਾ ਦੇ ਮਾਧਿਅਮ ਰਾਂਹੀ ਅੱਤਰਮੁਖੀ ਅਤੇ ਬਾਹਰਮੁਖੀ ਮਨੁੱਖ ਪ੍ਰਤਿਕਰਮਾਂ ਨੂੰ ਸਿਰਜਣਾਤਮਕ ਰੂਪ ਵਿੱਚ ਪੇਸ਼ ਕਰਦਾ ਹੈ। ਸਾਹਿਤ ਦੇ ਚਾਰ ਪ੍ਰਮੁੱਖ ਤੱਤ ਉਭਰਦੇ ਹਨ-ਸਾਹਿਤ ਕਲਾ ਦਾ ਰੂਪ, ਭਾਸ਼ਾ ਮਾਧਿਅਮ ਅੰਤਰਮੁੱਖੀ ਅਤੇ ਬਾਹਰਮੁੱਖੀ ਪ੍ਰਤਿਕਰਮ, ਸਿਰਜਣਾਤਮਕਤਾ। ਪ੍ਰਮੁੱਖ ਤੱਤ ਸਿਰਜਣਾਤਮਕਤਾ ਦਾ ਹੈ। ਜਿਸ ਦਾ ਸਬੰਧ ਕਲਾ ਨਾਲ ਹੈ। ਕਲਾ ਮਨੁੱਖ ਦੀਆਂ ਸੁਹਜਾਤਮਕ ਬਿਰਤੀਆ ਦਾ ਸੂਖਮ ਪ੍ਰਗਟਾਵਾ ਹੈ। ਇਸ ਸੂਖਮਤਾ ਦੀ ਅਭਿਵਅਕਤੀ ਪ੍ਰਕਿਰਤੀ ਅਤੇ ਸਮਾਜ ਦੇ ਪ੍ਰਤਿਬਿੰਬਨ ਨਾਲ ਜੁੜੀ ਹੋਈ ਹੈ। ਸਿਰਜਣਾ ਵਾਸਤਵਿਕਤਾਦੀ ਪੁਨਰ ਸਿਰਜਣਾ ਅਤੇ ਵਰਸਤੂਗਤ ਜਗਤ ਦੇ ਕਾਲਪਨਿਕ ਜਗਤ ਵਿੱਚ ਰੂਪਾਂਤਰਨ ਨਾਲ ਸਬੰਧਤ ਹੈ। ਪੁਨਰ ਸਿਰਜਣਾ ਸਾਹਿਤਕਾਰ ਦੀ ਵਿਅਕਤੀਗਤ, ਬੋਧਿਕ ਅਤੇ ਕਲਾਤਮਕ ਪ੍ਰਤਿਭਾ ਨਾਲ ਸਬੰਧਿਤ ਹੁੰਦੀ ਹੈ। ਸਾਹਿਤਕਾਰ ਦੀ ਸਿਰਜਣਾ ਦਾ ਸਰੋਤ ਉਹ ਵਸਤੂਗਤ ਸਮਾਜ ਹੈ, ਜਿਸ ਵਿੱਚ ਉਹ ਜਿਉਂਦਾ ਹੈ। ਇਸ ਸਮਾਜਿਕ ਵਿਵਸਥਾ ਵਿਚੋਂ ਹੀ ਉਸ ਦੇ ਚਿੰਤਨ ਤੇ ਚੇਤਨਾ ਦਾ ਵਿਕਾਸ ਹੁੰਦਾ ਹੈ। ਇਸ ਲਈ ਅਚੇਤ ਜਾਂ ਸੁਚੇਤ ਮਨੁੱਖੀ ਬੋਧਿਕ ਕਾਰਜ ਕਿਸੇ ਨਾ ਕਿਸੇ ਵਿਚਾਰਧਾਰਾ ਦਾ ਵਾਹਨ ਬਣਦਾ ਹੈ। ਸੁਚੇਤ ਸਾਹਿਤਕਾਰ ਸਮਾਜ ਵਿਚਲੇ ਪੀੜਤ ਮਨੁੱਖ ਨੂੰ ਕਲਾਤਮਕ ਬਿੰਬਾ ਰਾਂਹੀ ਉਭਾਰਦਾ ਹੈ। ਸਾਹਿਤ ਕੋਈ ਮਸ਼ੀਨੀ ਵਰਤਾਰਾ ਨਹੀਂ ਬਲਕਿ ਭਾਵਾਤਮਕ ਤੇ ਗਤੀਸ਼ੀਲ ਵਰਤਾਰਾ ਹੈ। ਹਰ ਖਿੱਤੇ ਤੇ ਸਮਾਜ ਦਾ ਸਾਹਿਤ ਸਿਧਾਂਤਕ ਰੂਪ ਵਿੱਚੋਂ ਇਕੋ ਪ੍ਰਕਿਰਿਆ ਵਿੱਚੋਂ ਗੁਜਰਨ ਦੇ ਬਾਵਜੂਦ ਇਤਿਹਾਸਕ ਭੂਗੋਲਿਕ ਸਥਿਤੀਆਂ ਕਾਰਨ ਵੱਖਰਤਾ ਦਾ ਧਾਰਨੀ ਹੁੰਦਾ ਹੈ। ਭਾਰਤੀ ਸਾਹਿਤ ਵੀ ਵਿਸ਼ੇਸ਼ ਪ੍ਰਸਥਿਤੀਆਂ ਵਿਚੋਂ ਗੁਜਰਨ ਕਾਰਨ ਕਈ ਵਿਲੱਖਣਤਾਵਾਂ ਦਾ ਧਾਰਨੀ ਰਿਹਾ ਹੈ। ਇਸ ਵਿੱਚ ਰਮਾਇਣ ਤੇ ਮਹਾਂਭਾਰਤ ਵਰਗੇ ਮਹਾਂਕਾਵਿ ਦੀ ਰਚਨਾ ਹੁੰਦੀ ਹੈ। ਧਾਰਮਿਕ ਰੰਗਣ ਵਾਲਾ ਸਾਹਿਤ ਉਪਜਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਮਾਪਤੀ ਤੋਂ ਬਾਅਦ ਪੰਜਾਬ ਵਿੱਚ ਅੰਗਰੇਜੀ ਸਾਮਰਾਜ ਸਥਾਪਤ ਹੁੰਦਾ ਹੈ। ਪੰਜਾਬ ਦੇ ਜਨ-ਜੀਵਨ ਵਿੱਚ ਗੁਣਾਤਮਕ ਪੱਖ ਤੋਂ


Received: 04 August 2025 Accepted: 28 August 2025 Published: 05 September 2025

ਤਬਦੀਲੀ ਵਾਪਰਦੀ ਹੈ। ਅੰਗਰੇਜਾਂ ਦੀ ਬਸਤੀਵਾਦੀ ਨੀਤੀ ਦਾ ਸ਼ਿਕਾਰ ਹੁੰਦਾ ਹੈ।

ਬਸਤੀਵਾਦੀ ਨਿਜਾਮ ਵਿੱਚ ਪੰਜਾਬੀ ਨਾਵਲ ਦੇ ਜਨਮ ਤੇ ਇਸਦੇ ਅਗਾਜ ਵਾਲੇ ਪੱਛਮੀ ਅੰਦਾਜ ਨਾਲ ਮਿਲਦੇ-ਜੁਲਦੇ ਹਾਲਾਤ ਪੰਜਾਬ ਵਿੱਚ ਵੀ ਪੈਦਾ ਹੋ ਚੁੱਕੇ ਸਨ। ਇਸ ਲਈ ਉਨੀਵੀ ਸਦੀ ਦੇ ਅੰਤ ਤੱਕ ਪੰਜਾਬੀ ਸਮਾਜ ਵਿੱਚ ਉਦਯੋਗਿਕ ਸੱਭਿਅਤਾ ਦਾ ਆਗਾਜ, ਛਾਪੇਖਾਨੇ ਦਾ ਪ੍ਰਚਲਨ, ਅਖਬਾਰਾਂ ਵਿੱਚ ਦਿਲਚਸਪੀ, ਰੂੜੀਵਾਦੀ ਤੇ ਪਰੰਪਰਾ-ਮੁਖਤਾ ਦੇ ਤਿਆਗ ਦੀ ਲਾਲਸਾ, ਸੁੰਤਤਰਤਾ ਨਾਲ ਜੀਣ ਦੀ ਜਗਿਆਸਾ, ਪੜ੍ਹੀ-ਲਿਖੀ ਮੱਧ ਸ੍ਰੇਣੀ ਅਤੇ ਵਿਦਿੱਅਕ ਪ੍ਰਬੰਧ ਦੇ ਪ੍ਰਚਾਰ ਅਤੇ ਪ੍ਰਸਾਰ ਆਦਿ ਦੇ ਫਲਸਰੂਪ ਲੋਕ ਜਿੱਥੇ ਪੱਛਮ ਦੇ ਸਾਹਿਤ ਵਿੱਚ ਦਿਲਚਸਪੀ ਰੱਖਦੇ ਸਨ, ਉਥੇ ਪੰਜਾਬੀ ਦੇ ਨਵੇਂ ਸਾਹਿਤ ਰੂਪ ਨਾਵਲ ਵੱਲ ਵੀ ਰੁਚਿਤ ਹੋ ਰਹੇ ਸਨ। ਇਸੇ ਦਿਲਚਸਪੀ ਕਾਰਨ ਪੰਜਾਬੀ ਨਾਵਲ ਦੀ ਇਹ ਸਿਰਜਣਾਤਮਕ ਪ੍ਰਵਿਰਤੀ ਹੁਣ ਤੱਕ ਨਿਰੰਤਰ ਜਾਰੀ ਹੈ।

**ਨਾਵਲ ਦਾ ਇਤਿਹਾਸ**

ਨਾਵਲ ਇਕ ਲੰਮੀ ਬਿਰਤਾਂਤਕ ਅਤੇ ਗਲਪਮਈ ਰਚਨਾ ਹੈ। ਜਿਸ ਵਿੱਚ ਜਿੰਦਗੀ ਦੀ ਵਿਆਪਕ ਪੇਸ਼ਕਾਰੀ ਅਤੇ ਵਿਸ਼ਲੇਸ਼ਣ ਪਾਤਰਾਂ, ਘਟਨਾਵਾਂ ਸਥਾਨਕ ਵੇਰਵਿਆਂ, ਵਾਰਤਾਲਾਪ ਅਤੇ ਭਾਸ਼ਾ ਦੁਆਰਾ ਵਿਲੱਖਣ ਵਿਸ਼ਵ-ਦ੍ਰਿਸ਼ਟੀ ਰਾਂਹੀ ਕਥਾ ਸਿਰਜਣ ਦੀ ਵਿਧੀ ਦੇ ਰੂਪ ਵਿੱਚ ਕੀਤਾ ਜਾਦਾ ਹੈ। ਇਹ ਅਜਿਹਾ ਗਲਪੀ ਸੰਸਾਰ ਸਿਰਜਦਾ ਹੈ, ਜੋ ਸੱਚਾ ਸੰਸਾਰ ਨਾ ਹੁੰਦਿਆਂ ਵੀ ਅਸਲੀ ਪ੍ਰਤੀਤ ਹੁੰਦਾ ਹੈ।

ਪੰਜਾਬੀ ਨਾਵਲ ਦੇ ਜਨਮ ਬਾਰੇ ਇਹ ਗੱਲ ਸਪੱਸ਼ਟ ਹੈ ਕਿ ਇਸ ਦਾ ਆਰੰਭ ਅੰਗਰੇਜਾ ਦੇ ਪੰਜਾਬ ਉਪਰ ਕਬਜਾ ਕਰਨ ਅਤੇ ਇਥੇ ਆਪਣਾ ਨਿਜਾਮ ਕਾਇਮ ਕਰ ਤੋਂ ਬਾਅਦ ਹੁੰਦਾ ਹੈ। ਇਸ ਲਈ ਮੁੱਢਲੇ ਪੰਜਾਬੀ ਨਾਵਲ ਈਸਾਈ ਮਸ਼ੀਨਰੀਆਂ ਦੇ ਪ੍ਰਭਾਵ ਅਧੀਨ ਲਿਖੇ ਜਾਂ ਅਨੁਵਾਦ ਕੀਤੇ ਗਏ। ਜਿਸ ਦੇ ਅੰਤਰਗਤ ਨਾਵਲ "ਜਯੋਤਿਰੁਦਯ ਤੇ " ਮਸੀਹੀ ਮੁਸਾਫਰ ਦੀ ਯਾਤਰਾ ਨੂੰ ਰੱਖਿਆ ਜਾ ਸਕਦਾ ਹੈ।

ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਵਿੱਚ ਕੌਮਾਂਤਰੀ ਪੱਧਰ ਤੇ ਵਾਪਰੀਆਂ ਘਟਨਾਵਾਂ ਨੇ ਜਿੱਥੇ ਸਮਜਿਕ, ਆਰਥਿਕ, ਸਭਿਆਚਾਰਕ ਖੇਤਰ ਵਿੱਚ ਵੱਡੇ ਪਰਿਵਰਤਨ ਲਿਆਂਦੇ, ਉਥੇ ਸਾਹਿਤ ਨੂੰ ਵੀ ਆਪਣੇ ਪ੍ਰਭਾਵ ਤੋਂ ਪਰ੍ਹੇ ਨਾ ਰਹਿਣ ਦਿੱਤਾ। ਇਸ ਦੌਰ ਵਿੱਚ ਠੰਡੀ ਜੰਗ ਦਾ ਖਾਤਮਾ ਹੁੰਦਾ ਹੈ। ਸੰਸਾਰ ਰਾਜਨੀਤਿਕ ਪੱਧਰ ਤੇ ਇਕ ਧਰੁਵੀ ਰਾਜਨੀਤੀ ਦੀ ਜਕੜ ਵਿੱਚ ਆ ਜਾਂਦਾ ਹੈ। ਇਸ ਤੋਂ ਪਹਿਲਾਂ ਯੂਰਪ ਵਿੱਚ ਚਲੀਆਂ "ਇਤਿਹਾਸ ਦੀ ਮੋਤ""ਵਿਚਾਰਧਾਰਾ ਦਾ ਅੰਤ""ਲੇਖਕ ਦੀ ਮੌਤ" ਵਰਗੇ ਸੰਕਲਪ ਵਿਕਾਸਸ਼ੀਲ ਦੇਸ਼ਾਂ ਵਿੱਚ ਵੀ ਪ੍ਰਚਾਰ ਜਾਣੇ ਸ਼ੁਰੂ ਹੋਏ। ਸਾਇੰਸ ਅਤੇ ਤਕਨੀਕੀ ਉਨੱਤੀ ਨੇ ਸਭਿਆਚਾਰਕ ਹੱਦਬੰਦੀਆਂ ਖਤਮ ਕਰ ਦਿੱਤੀਆਂ। ਸਰਮਾਇਆ ਕਾਰਪੋਰੇਸ਼ਨਾਂ ਵਿੱਚ ਪਰਿਵਰਤਿਤ ਹੋ ਕੇ ਵਿਕਾਸਸ਼ੀਲ ਦੇਸ਼ਾਂ ਦੀਆਂ ਸਰਹੱਦਾ ਅੰਦਰ ਦਾਖਲ ਹੁੰਦਾ ਹੈ। ਅਜਿਹੀ ਸਥਿਤੀ ਵਿੱਚ ਭਾਰਤ ਵਿੱਚ ਵਿਸ਼ੇਸ਼ ਤੌਰ ਤੇ ਕੌਮੀ ਰਾਸ਼ਟਰਵਾਦ ਦੀ ਥਾਂ ਧਾਰਮਿਕ ਸਭਿਆਚਾਰਕ ਰਾਸ਼ਟਰਵਾਦ ਦਾ ਸੰਕਲਪ ਉੱਭਰਦਾ ਹੈ। ਵਿਸ਼ਵੀਕਰਨ, ਨਿੱਜੀਕਰਨ, ਉਦਾਰੀਕਰਨ ਤੇ ਵਪਾਰੀਕਰਨ ਦੇ ਸੰਕਲਪ ਉੱਭਰਦੇ ਹਨ। ਕੋਈ ਵੀ ਸੰਕਲਪ ਠੋਸ ਪਦਾਰਥਕ ਹਾਲਾਤਾਂ ਵਿੱਚ ਹੀ ਪੈਦਾ ਹੁੰਦਾ ਹੈ। ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਵਿੱਚ ਭਾਰਤ ਵੀ ਇਨ੍ਹਾਂ ਅੰਤਰ ਰਾਸ਼ਟਰੀ ਤਬਦੀਲੀਆਂ ਦਾ ਅਖਾੜਾ ਬਣਦਾ ਹੈ।

**ਵਿਸ਼ਵੀਕਰਨ ਦਾ ਆਰੰਭ**

ਵਿਸ਼ਵੀਕਰਨ ਅਜੋਕੇ ਯੁੱਗ ਦਾ ਅਟੱਲ ਮਹਾਂ-ਵਰਤਾਰਾ ਹੈ, ਜੋ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਪ੍ਰਭਾਵਿਤ ਕਰਦਾ ਹੈ। ਜਿੱਥੇ ਉਹ ਉਦਾਰੀਕਰਨ ਤੇ ਨਿੱਜੀਕਰਨ ਦੇ ਰੂਪ ਵਿੱਚ ਆਰਥਿਕ ਖੇਤਰ ਅੰਦਰ ਆਪਣੀ ਜਕੜ ਬਣਾ ਰਿਹਾ ਹੈ। ਉਥੇ ਮਨੁੱਖ ਦੀ ਸਮੁੱਚੀ ਜੀਵਨ ਜਾਂਚ ਨੂੰ ਪ੍ਰਭਾਵਿਤ ਕਰ ਰਿਹਾ ਹੈ। ਮਨੁੱਖੀ ਚਿੰਤਨ ਅਤੇ ਚੇਤਨਾ ਉਪਰ ਇਸ ਦਾ ਪ੍ਰਤੱਖ ਪ੍ਰਭਾਵ ਹੈ। ਸਾਹਿਤ ਮਨੁੱਖੀ ਚੇਤਨਾ ਅਤੇ ਸਮਾਜ ਦੀ ਸਥਿਤੀ ਨੂੰ ਇਸ ਦੇ ਦਵੰਦਾਤਮਕ, ਸਬੰਧਾਂ ਵਿੱਚ ਪ੍ਰਸਤੂਤ ਕਰਦਾ ਹੈ। ਸਮਾਜ ਅਤੇ ਮਨੁੱਖੀ ਮਾਨਸਿਕਤਾ ਉੱਪਰ ਪੈਣ ਵਾਲਾ ਹਰ ਪ੍ਰਭਾਵ ਸਾਹਿਤ ਦੇ ਰੂਪਾਂ, ਵਿਚਾਰਧਾਰਾ, ਵਿਸ਼ੇ ਅਤੇ ਸੁਰਜਾਤਮਕ ਪੱਖਾਂ ਨੂੰ ਪ੍ਰਭਾਵਿਤ ਕਰਦਾ ਹੈ। ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਹੀ ਸਾਹਿਤ ਅੰਦਰ ਉੱਤਰ-ਆਧੁਨਿਕਤਾਵਾਦ ਇੱਕ ਪ੍ਰਮੁੱਖ ਅੰਤਰ-ਦ੍ਰਿਸ਼ਟੀ ਵਜੋਂ ਹੋਂਦ ਗ੍ਰਹਿਣ ਕਰਦੀ ਹੈ।

ਆਪਣੀ ਆਮਦ ਦੇ ਮੁੱਢਲੇ ਦੌਰ ਵਿੱਚ ਵਿਸ਼ਵੀਕਰਨ ਦਾ ਸੰਕਲਪ ਭਾਵੇਂ ਮਾਨਵੀਂ ਚਿਹਰੇ ਨਾਲ ਅੱਗੇ ਵਧਦਾ ਹੈ। ਮਹਾਂਸਾਮਰਾਜੀ ਪ੍ਰਬੰਧ ਆਰੰਭਕ ਸਮੇਂ ਵਿੱਚ ਕਿਸੇ ਕਲਿਆਣਕਾਰੀ ਉਦੇਸ਼ ਦੇ ਐਲਾਨ ਨਾਲ ਪੈਰ ਪਸਾਰਨੇ ਸ਼ੁਰੂ ਕਰਦਾ ਹੈ। ਕੰਪਨੀਆਂ ਉਤੇ ਆਧਾਰਤ ਅਜੋਕੇ ਨਵ-ਸਾਮਰਾਜੀਆਂ ਨੇ ਆਪਣੇ ਆਪ ਨੂੰ ਸਚਿਆਉਣ ਲਈ ਇਹ ਉਦੇਸ਼ ਉਭਾਰਿਆ ਕਿ ਉਹ ਵਿਸ਼ਵ ਵਿੱਚ ਸੁਚੱਜੇ ਮੁਕਾਬਲੇ ਲਈ ਅੰਤਰਰਾਸ਼ਟਰੀ ਅਦਾਨ-ਪ੍ਰਦਾਨ ਲਈ ਰਾਂਹ ਪੱਧਰਾ ਕਰਨ ਵਾਲੇ ਹਨ।

ਵਿਸ਼ਵੀਕਰਨ ਦੇ ਅਜਿਹੇ ਮਾਨਵੀ ਚਿਹਰੇ ਨੇ ਤੀਜੀ ਦੁਨੀਆ ਦੇ ਮੁਲਕਾਂ ਅੰਦਰ ਵੀ ਇਸ ਪ੍ਰਤੀ ਖਿੱਚ ਪੈਦਾ ਕੀਤੀ। ਭਾਰਤ ਨੇ ਵੀਹਵੀ ਸਦੀ ਦੇ ਅੰਤਲੇ ਦਹਾਕੇ ਦੇ ਸ਼ੁਰੂ ਵਿੱਚ ਸੁਧਾਰਾ ਦਾ ਸਿਲਸਿਲਾ ਆਰੰਭਿਆ। ਭਾਰਤ ਨੇ 1991 ਵਿੱਚ ਵਿਸ਼ਵੀਕਰਨ ਤੇ ਉਦਾਰੀਕਰਨ ਵੱਲ ਇਕ ਵੱਡੀ ਪੁਲਾਘ ਪੁੱਟੀ। ਅਜਾਦ ਭਾਰਤ ਦੇ ਇਤਿਹਾਸ ਵਿੱਚ 1991 ਦਾ ਸਾਲ ਨੀਤੀ ਵਿੱਚ ਸਿਫਤੀ ਤਬਦੀਲੀ ਦੇ ਮੀਲ ਪੱਥਰ ਵਜੋ ਜਾਣਿਆ ਜਾਂਦਾ ਹੈ। ਇਸ ਤੋਂ ਬਾਅਦ ਨਿਰੰਤਰ ਤਬਦੀਲੀ ਜਾਰੀ ਹੈ। ਇਸ ਵਿੱਚ ਉਦਯੋਗਿਕ ਨੀਤੀ ਵਿੱਚ ਤਬਦੀਲੀ ਰਾਂਹੀ ਥੋੜ੍ਹੇ ਉਦਯੋਗਾ ਨੂੰ ਛੱਡ ਕੇ ਬਾਕੀ ਵਾਸਤੇ ਲਾਇਸੰਸ ਦਾ ਖਾਤਮਾ, ਵੱਡੀਆ ਕੰਪਨੀਆਂ ਉਪਰ ਲੱਗੀ ਵੱਧ ਤੋਂ ਵੱਧ ਪੂੰਜੀ ਦੀ ਸ਼ਰਤ ਦਾ ਖਾਤਮਾ, ਪਬਲਿਕ ਸੈਕਟਰ ਦਾ ਨਿੱਜੀਕਰਨ, ਪਬਲਿਕ ਸੈਕਟਰ ਵਿੱਚ ਰੱਖੇ ਉਦਯੋਗਾਂ ਵਿੱਚ ਪ੍ਰਾਈਵੇਟ ਖੇਤਰ ਨੂੰ ਪੂੰਜੀ ਲਗਾਉਣ ਦੀ ਖੁੱਲ੍ਹ ਅਤੇ ਛੋਟੇ ਪੈਮਾਨੇ ਦੇ ਉਦਯੋਗਾਂ ਵਿੱਚ ਵੱਡੇ ਉਦਯੋਗਾਂ ਦੀ ਭਾਈਚਵਾਲੀ ਆਦਿ ਨੇ ਉਦਯੋਗਿਕ ਨੀਤੀ ਦੀ ਤਬਦੀਲੀ ਦੇ ਨਾਲ ਹੀ ਵਿਦੇਸ਼ੀ ਸੈਕਟਰ ਵਿੱਚ ਵੱਡੀ ਤਬਦੀਲੀ ਕੀਤੀ। ਸਮਝੋਤੇ ਤੇ ਦਸਤਖਤ ਕਰਨ ਤੋਂ ਬਾਅਦ 1995 ਵਿੱਚ ਵਿਸ਼ਵ ਵਪਾਰ ਦਾ ਮੈਂਬਰ ਬਣ ਜਾਣ ਤੇ ਵਿਸ਼ਵ ਵਪਾਰ ਸੰਸਥਾ ਦੇ ਵਿਸ਼ਵੀਕਰਨ ਦੇ ਉਦਾਰੀਕਰਨ ਦੇ ਪ੍ਰੋਗਰਾਮ ਵਿੱਚ ਭਾਰਤ ਸ਼ਾਮਿਲ ਹੋ ਗਿਆ। ਭਾਰਤ ਵੱਲੋਂ ਆਪਣਾਈ ਵਿਸ਼ਵੀਕਰਨ ਤੇ ਉਦਾਰੀਕਰਨ ਦੀ ਨੀਤੀ ਪੰਜਾਬ ਰਾਜ ਵਿੱਚ ਵੀ ਲਾਗੂ ਹੋ ਗਈ।

**ਵਿਸ਼ਵੀਕਰਨ ਦੇ ਪ੍ਰਭਾਵ**

ਭਾਰਤੀ ਉਚ ਵਰਗ ਅਤੇ ਮੱਧ ਵਰਗ ਨੇ ਵਿਸ਼ਵੀਕਰਨ ਨੂੰ ਉਤਾਵਲੇ ਉਤਸ਼ਾਹ ਨਾਲ ਸਵੀਕਾਰ ਕੀਤਾ। ਜੋ ਇਸ ਦਹਾਕੇ ਵਿੱਚ ਵਾਪਰਿਆ, ਭਾਵੇਂ ਇਹ ਭਾਰਤ ਦੇ ਸੁਤੰਤਰਤਾ ਸੰਗਰਾਮ ਵਾਂਗੀ ਅਹਿੰਸਕ ਢੰਗ ਨਾਲ ਹੋਈ ਕ੍ਰਾਂਤੀ ਸੀ, ਪਰ ਇਸ ਮੂਕ ਕ੍ਰਾਂਤੀ ਨੇ ਸਮਾਜ ਵਿੱਚ ਵੱਡੀ ਤਬਦੀਲੀ ਲਿਆਂਦੀ। ਸਭ ਤੋਂ ਵੱਡੀ ਮਾਨਸਿਕ ਤਬਦੀਲੀ ਸੀ ਜਿਸ ਨੇ ਕੌਮ ਦੀ ਵਿਸ਼ਵ ਦ੍ਰਿਸ਼ਟੀ ਹੀ ਬਦਲਣੀ ਸ਼ੁਰੂ ਕਰ ਦਿੱਤੀ।

ਜਦੋਂ ਪੰਜਾਬੀ ਸਮਾਜ ਪੂਰੀ ਤਰ੍ਹਾਂ ਵਿਸ਼ਵੀਕਰਨ ਦੀ ਲਪੇਟ ਵਿੱਚ ਆ ਚੁੱਕਾ ਹੈ ਤਾਂ ਜੀਵਨ ਦੇ ਅਮਲ ਵਿੱਚ ਹਰ ਪੱਧਰ ਤੇ ਵਿਸ਼ਵੀਕਰਨ ਦਾ ਅਮਾਨਵੀਂ ਚਿਹਰਾ ਸਪੱਸ਼ਟ ਨਜਰ ਆਉਣ ਲੱਗਦਾ ਹੈ। ਵਿਸ਼ਵੀਕਰਨ ਦਾ ਸਰੂਪ ਬਸਤੀਵਾਦੀ ਸਾਮਰਾਜ ਦਾ ਹੀ ਦੂਜਾ ਨਾਂ ਹੈ। ਬਹੁ ਕੌਮੀ ਕੰਪਨੀਆਂ ਦੇ ਪਸਾਰ ਲਈ ਨਵੇਂ ਬਾਜਾਰ ਤਲਾਸ਼ ਕੀਤੇ ਜਾ ਰਹੇ ਹਨ। ਪੱਛਮੀ ਨਵ-ਬਸਤੀਵਾਦ ਦੀਆਂ ਸਰਕਾਰਾਂ ਗਿਆਨ ਸ਼ਕਤੀ ਨਾਲ, ਬਿਜਲੀ ਸੰਚਾਰ ਸਾਧਨਾਂ ਦੀ ਵਰਤੋਂ ਅਤੇ ਚਿੰਨ੍ਹਾਂ ਦੀ ਰਾਜਨੀਤੀ ਨਾਲ ਪੂਰੀ ਦੁਨੀਆਂ ਦੀ ਦੋਲਤ ਨੂੰ ਆਪਣੀ ਮੁੱਠੀ ਵਿੱਚ ਕਰਨ ਉੱਤੇ ਲੱਗੀਆ ਹੋਈਆਂ ਹਨ। ਇੱਕ ਪਾਸੇ ਨਵ-ਬਸਤੀਵਾਦੀ ਨਿਜਾਮ ਵਾਲੇ ਵਿਸ਼ਵ ਮੰਡੀ ਦੀ ਵਕਾਲਤ ਕਰਦੇ ਹਨ, ਦੂਜੇ ਪਾਸੇ ਤੀਜੀ ਦੁਨੀਆਂ ਦੀ ਕਿਰਤ ਸ਼ਕਤੀ ਨੂੰ ਆਪਣੇ ਮੁਲਕ ਵਿੱਚ ਆਉਣ ਤੋਂ ਰੋਕਣ ਲਈ ਹਰ ਹੀਲਾ ਵਰਤਦੇ ਹਨ। ਜੇਕਰ ਮਾਨਵਵਾਦੀ ਦ੍ਰਿਸ਼ਟੀਕੋਣ ਅਨੁਸਾਰ ਵਿਸ਼ਵੀਕਰਨ ਬਾਰੇ ਸੋਚੀਏ ਤਾਂ ਅੱਜੇ ਦੇ ਗਲੋਬਲ ਵਿਲੇਜ ਵਿੱਚ ਕਿਸੇ ਵੀ ਵਿਅਕਤੀ ਨੂੰ ਕਿਤੇ ਵੀ ਜਾ ਕੇ ਵੱਸਣ ਦਾ ਬੁਨਿਆਦੀ ਅਧਿਕਾਰੀ ਹੋਣ ਚਾਹੀਦਾ ਹੈ। ਅੱਜ ਦੇ ਪ੍ਰਵਾਸ ਕਰਨ ਦੇ ਨਿਯਮਾਂ ਤੋਂ ਇਸ ਬਾਰੇ ਸਹਿਜੇ ਹੀ ਅੰਦਾਜਾ ਲਾਇਆ ਜਾ ਸਕਦਾ ਹੈ।

ਸਾਹਿਤ ਵਸਤੂਗਤ ਜੀਵਨ ਵਿਚੋਂ ਹੀ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਇਸ ਲਈ ਵਿਸ਼ਵੀਕਰਨ ਦੀ ਇਸ ਪ੍ਰਕਿਰਿਆ ਦੋਰਾਨ ਸਾਹਿਤ ਅਤੇ ਸਮਾਜਿਕ ਜੀਵਨ ਦੇ ਸਬੰਧ ਸਰਲ, ਇੱਕ ਤਰਫਾ ਅਤੇ ਇੱਕ ਪਾਸਾਰੀ ਨਾ ਹੋ ਕੇ ਜਟਿਲ ਬਹੁ ਪੂਰਤੀ ਤੇ ਬਹੁ-ਪਾਸਾਰੀ ਹੁੰਦੇ ਹਨ। ਅਜੋਕੇ ਸਮੇਂ ਵਿਚਲੀ ਵਿਚਾਰਧਾਰਾ ਭੂਗੋਲਿਕ ਤੇ ਰਾਜਸੀ ਸਰਹੱਦਾਂ ਤੋਂ ਸੁਤੰਤਰ ਤੌਰ ਤੇ ਕਿਰਿਆ ਸ਼ੀਲ ਹੈ। ਅਜੋਕੀ ਸਾਹਿਤ ਪ੍ਰਕਿਰਿਆ ਵਿੱਚ ਵਿਸ਼ਵੀਕਰਨ ਦਾ ਸੰਕਲਪ ਚਿੰਤਨ ਦੇ ਪੱਧਰ ਤੇ ਵਿਵਾਦ ਦਾ ਮੁੱਦਾ ਹੋਣ ਦੇ ਨਾਲ-ਨਾਲ ਆਰਥਿਕਤਾ ਤੇ ਰਾਜਨੀਤੀ ਦੇ ਖੇਤਰ ਵਿੱਚ ਵਸਤੂਗਤ ਜੀਵਨ ਦਾ ਅਧਾਰ ਵੀ ਬਣ ਰਿਹਾ ਹੈ। ਇਸ ਸਥਿਤੀ ਵਿੱਚ ਸਾਮਰਾਜੀ ਜਹਿਨੀਅਤ ਦੇ ਗੁਲਾਮ ਬੁੱਧੀਜੀਵੀ ਮਾਰਕਕਸਵਾਦੀ ਚਿੰਤਨ ਦੀ ਮੌਤ ਦੇ ਜਸ਼ਨ ਮਨਾ ਰਹੇ ਹਨ। ਅਜੋਕੀ ਸਥਿਤੀ ਵਿੱਚ ਵਿਸਵੀਕਰਨ ਦੇ ਚਿੰਤਨ ਦੇ ਕੇਂਦਰ ਵਿੱਚ ਮਨੁੱਖ ਹੋਣ ਦੀ ਥਾਂ ਮੰਡੀ ਦੀ ਮਾਨਸਿਕਤਾ ਨਾਲ ਜੁੜਿਆ ਮੁਨਾਫਾ ਹੈ। ਇਹ ਸਥਿਤੀ ਚਿੰਤਨ ਦੇ ਨਾਲ-ਨਾਲ ਸਾਹਿਤਿਕ ਸਿਰਜਣ ਪ੍ਰਕਿਰਿਆ ਦੇ ਖੇਤਰ ਵਿੱਚ ਵੀ ਪ੍ਰਚਾਰੀ ਜਾ ਰਹੀ ਹੈ। ਪੰਜਾਬੀ ਸਾਹਿਤ ਅਤੇ ਚਿੰਤਨ ਦੇ ਖੇਤਰ ਵਿੱਚ ਸਥਿਤੀ ਜਟਿਲ ਅਤੇ ਧੁੰਦਲਕੇ ਦਾ ਸ਼ਿਕਾਰ ਹੈ।

ਵਿਸ਼ਵੀਕਰਨ ਦੇ ਸੰਕਲਪ ਅਤੇ ਸਥਿਤੀ ਨੇ ਪੰਜਾਬ ਦੀ ਵਸਤੂ ਸਥਿਤੀ ਨੂੰ ਹਰ ਦੋਰ ਵਿੱਚ ਪ੍ਰਵਾਨਤ ਕੀਤਾ ਹੈ। ਇਸ ਵਸਤੂ ਸਥਿਤੀ ਵਿਚੋਂ ਹੀ ਪੰਜਾਬੀ ਨਾਵਲ ਆਪਣੀ ਨਵੇਂ ਵਿਸ਼ੇ ਗ੍ਰਹਿਣ ਕਰਦਾ ਹੈ। ਹਰੇਕ ਦੋਰ ਦਾ ਸਮਾਜਕ-ਆਰਥਿਕ ਪ੍ਰਬੰਧ ਪੰਜਾਬ ਨਾਵਲ ਦਾ ਵਿਸ਼ਾ ਬਣਦਾ ਰਿਹਾ ਹੈ। ਵਰਤਮਾਨ ਸਮੇਂ ਵਿਸ਼ਵੀਕਰਨ ਦਾ ਸੰਕਲਪ ਆਪਣੀ ਸੀਮਾਵਾਂ ਤੇ ਸੰਭਾਵਨਾਵਾਂ ਸਮੇਤ ਪੰਜਾਬੀ ਨਾਵਲ ਦੇ ਖੇਤਰ ਵਿੱਚ ਉੱਭਰਦਾ ਹੈ। ਜਿਵੇਂ ਪੰਜਾਬੀ ਸਮਾਜ ਜਾਗੀਰਦਾਰੀ ਪ੍ਰੰਪਰਾ ਤੋਂ ਅਜਾਦ ਹੋ ਕੇ ਲੋਕਤੰਤਰੀ ਮਾਨਸਿਕਤਾ ਨਾਲ ਜੁੜਦਾ ਹੈ। ਪੇਂਡੂ ਸੰਸਕ੍ਰਿਤੀ ਨਾਲ ਜੁੜਿਆ ਉਪ-ਸਭਿਆਚਾਰ ਕੇਂਦਰ ਵਿੱਚ

ਆਉਂਦਾ ਹੈ।

ਵਿਸ਼ਵੀਕਰਨ ਦੇ ਵਰਤਾਰੇ ਨੇ ਹਰੇਕ ਖੇਤਰ ਵਿੱਚ ਦ੍ਰਿਸ਼ਟੀਗਤ ਪੱਖ ਤੋਂ ਬਦਲਾਅ 'ਤੇ ਨਵੀਨੀਕਰਨ ਪੈਦਾ ਕੀਤਾ ਹੈ, ਹਰੇਕ ਖੇਤਰ ਨੂੰ ਨਵੀਂ ਦ੍ਰਿਸ਼ਟੀ ਤੋਂ ਘੋਖਣ ਦੀ ਸਮਰੱਥਾ ਪੈਦਾ ਕੀਤੀ ਹੈ। ਵਿਸ਼ਵੀਕਰਨ ਦੀ ਸਥਿਤੀ ਅਤੇ ਸੰਕਲਪ ਨੇ ਹਰ ਪੜਾਅ ਤੇ ਪੰਜਾਬੀ ਜਨ-ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਇਹ ਜੀਵਨ ਨਾਵਲਾਂ ਦੀ ਸੁਹਜਮੂਲਕ ਵਸਤੂ ਬਣਦਾ ਜਾ ਰਿਹਾ ਹੈ। ਅਜੋਕੇ ਦੌਰ ਵਾਲੇ ਵਿਸ਼ਵੀਕਰਨ ਦੀਆਂ ਜੜ੍ਹਾਂ ਵੀ ਸਾਡੀ ਆਰਥਿਕਤਾ ਵਿੱਚੋਂ ਉਭਰਦੀਆਂ ਹਨ, ਇਹ ਸਥਿਤੀ ਜਿਸ ਚਿੰਤਨ ਦਾ ਵਾਹਨ ਬਣ ਰਹੀ ਹੈ, ਉਸਦੇ ਕੁੱਝ ਪਸਾਰ ਪੰਜਾਬੀ ਨਾਵਲ ਵਿੱਚ ਉਭਰ ਰਹੇ ਹਨ।

ਵਰਤਮਾਨ ਪੰਜਾਬੀ ਸਾਹਿਤ ਵਿਸ਼ਵ-ਵਿਆਪੀ ਵਰਤਾਰਾ ਹੈ ਕਿਉਂਕਿ ਇਸਦੀ ਸਿਰਜਣਾ ਪੂਰੇ ਵਿਸ਼ਵ ਵਿੱਚ ਵਸੇ ਪੰਜਾਬੀਆਂ ਵਲੋਂ ਕੀਤੀ ਜਾ ਰਹੀ ਹੈ। ਇਸ ਲਈ ਸਾਹਿਤ ਦੇ ਵਸਤੂ ਰੂਪ ਤੇ ਰਚਨਾ ਦ੍ਰਿਸ਼ਟੀ ਵਿੱਚ ਵਿਭਿੰਨ ਸਭਿਆਚਾਰਾਂ ਦਾ ਰਲਗੱਡ ਹੋਣਾ ਸਹਿਜ ਤੇ ਆਮ ਵਰਤਾਰਾ ਹੈ। ਪ੍ਰਵਾਸੀ ਅਤੇ ਭਾਰਤੀ ਪੰਜਾਬੀ ਸਾਹਿਤ ਦੋਨਾਂ ਨੂੰ ਹੀ ਵਿਸ਼ਵੀਕਰਨ ਨੇ ਆਪਣੇ ਵਰਤਾਰੇ ਨਾਲ ਪ੍ਰਭਾਵਿਤ ਕੀਤਾ ਹੈ। ਵਿਸ਼ਵੀਕਰਨ ਦੇ ਪ੍ਰਭਾਵ ਕਾਰਨ ਸਾਹਿਤ ਵਿਚਲੀਆਂ ਬਦਲਦੀਆਂ ਸਥਿਤੀਆਂ, ਵਸਤੂ ਤੇ ਰਚਨਾ ਦ੍ਰਿਸ਼ਟੀ ਉੱਪਰ ਵਿਚਾਰ ਕਰਨ ਦੇ ਨਾਲ-ਨਾਲ ਵਿਸ਼ਵੀਕਰਨ ਦੇ ਸੰਕਲਪ ਨੂੰ ਧਿਆਨ ਨਾਲ ਸਮਝਣ ਦੀ ਜਰੂਰਤ ਹੈ।

ਵਿਸ਼ਵੀਕਰਨ ਇਸ ਦੌਰ ਦਾ ਸਭ ਤੋਂ ਚਰਚਿਤ ਵਰਤਾਰਾ ਹੈ। ਦੁਨੀਆਂ ਭਰ ਦੇ ਚਿੰਤਕ ਇਸਦੇ ਹੱਕ ਤੇ ਵਿਰੋਧ ਵਿੱਚ ਝੰਡੇ ਲਈ ਖੜੇ ਹਨ। ਇਹ ਕੋਈ ਅਚਾਨਕ ਵਾਪਰਿਆ ਵਰਤਾਰਾ ਨਹੀਂ ਹੈ। ਬਲਕਿ ਸਾਮਰਾਜੀ ਨਵ-ਪੂੰਜੀਵਾਦ ਦੀ ਤੇਜ ਹੋਈ ਪ੍ਰਕਿਰਿਆ ਦਾ ਹੀ ਨਵਾਂ ਨਾਮ ਹੈ। ਇਸਦਾ ਪਹਿਲਾ ਰੂਪ ਬਸਤੀਵਾਦ ਪ੍ਰਾਵਿਰਤੀ ਵਿੱਚ ਜਨਮ ਲੈਂਦਾ ਹੈ।

ਅਜੋਕੇ ਵਿਸ਼ਵੀਕਰਨ ਦੇ ਸੰਕਲਪ ਦੇ ਪ੍ਰਸਾਰ ਪਿੱਛੇ ਬਹੁ-ਕੌਮੀ ਕਾਰਪੋਰੇਸ਼ਨਾਂ ਦੇ ਵ4ਧ ਰਹੀ ਸਰਗਰਮੀ ਸੂਚਨਾਂ ਤਕਨਾਲੋਜੀ ਦੀ ਕ੍ਰਾਂਤੀ ਅਤੇ ਸਮਾਜਵਾਦੀ ਬਲਾਕ ਦੇ ਪਤਨ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਇੰਨ੍ਹਾਂ ਪ੍ਰੇਰਕਾ ਨੇ ਇੱਕ ਪਾਸੇ ਅਮਰੀਕੀ ਸਾਮਰਾਜ ਦਾ ਏਕਾਧਿਕਾਰ ਕਾਇਮ ਕੀਤਾ ਅਤੇ ਦੂਜੇ ਪਾਸੇ ਦੇਸ਼ਾਂ ਕੌਮਾਂ ਦੀਆਂ ਹੱਦਾ-ਸਰਹੱਦਾਂ ਨੂੰ ਉਲੰਘਣ ਦੇ ਨਵੇਂ ਰਿਸ਼ਤਿਆਂ ਦੀ ਦੱਸ ਪਾਈ। ਵਿਸ਼ਵੀਕਰਨ ਦਾ ਭਰਮ ਜਾਲ ਸੂਚਨਾਂ ਤੇ ਤਕਨਾਲੋਜੀ ਰਾਂਹੀ ਸਰਹੱਦਾਂ ਤੋਂ ਪਾਰ ਜਾਣ ਨਾਲ ਜੁੜਿਆ ਹੈ।

**ਵਿਸ਼ਵੀਕਰਨ 'ਤੇ ਪੱਛੜੇ ਮੁਲਕ**

ਵਿਸ਼ਵੀਕਰਨ ਦੇ ਇਸ ਮਾਨਵੀ ਚਿਹਰੇ ਨੇ ਤੀਜੀ ਦੁਨੀਆਂ ਦੇ ਮੁਲਕਾਂ ਅੰਦਰ ਵੀ ਇਸ ਪ੍ਰਤੀ ਖਿੱਚ ਪੈਦਾ ਕੀਤੀ ਭਾਰਤ ਨੇ ਵੀ 20ਵੀਂ ਸਦੀ ਦੇ ਅੰਤਲੇ ਦੁਹਾਕੇ ਵਿੱਚ ਆਰਥਿਕ ਸੁਧਾਰਾਂ ਦਾ ਸਿਲਸਿਲਾ ਅਰੰਭਿਆ, ਜਦੋਂ 1994 ਵਿੱਚ 'ਗੈਟ' ਸਮਝੋਤੇ ਉਪਰ ਦਸਤਖਤ ਕਰਨ ਤੋਂ ਬਾਅਦ ਵਿਸ਼ਵ ਵਪਾਰ ਸੰਸਥਾ (W.T.O) ਦਾ ਮੈਂਬਰ ਬਣ ਗਿਆ। ਜਿਸ ਅਧੀਨ ਉਦਯੋਗਿਕ ਨੀਤੀ ਦੇ ਨਾਮ ਹੇਠ ਬਹੁਤ ਸਾਰੇ ਪਬਲਿਕ ਸੈਕਟਰਾਂ ਵਿੱਚ ਪ੍ਰਾਈਵੇਟ ਤੇ ਵਿਦੇਸ਼ੀ ਕੰਪਨੀਆਂ ਨੂੰ ਖੁੱਲ੍ਹ ਦੇ ਦਿੱਤੀ ਗਈ। ਭਾਰਤ ਵੱਲੋਂ ਅਪਣਾਈ ਗਈ ਵਿਸ਼ਵੀਕਰਨ ਅਤੇ ਉਦਾਰੀਕਰਨ ਦੀ ਨੀਤੀ ਪੰਜਾਬ ਰਾਜ ਉਪਰ ਵੀ ਲਾਗੂ ਹੈ।

ਭਾਰਤੀ ਉੱਚ ਅਤੇ ਮੱਧ ਵਰਗ ਨੇ ਬੜੇ ਹੀ ਉਤਸ਼ਾਹ ਨਾਲ ਇਸਨੂੰ ਸਵੀਕਾਰ ਕੀਤਾ। ਇਹ ਉਤਸ਼ਾਹ ਬਹੁ-ਕੌਮੀ ਕੰਪਨੀਆਂ ਲਈ ਵਰਦਾਨ ਸਾਬਤ ਹੋਇਆ ਕਿਉਂਕਿ ਇਸ ਨਾਲ ਬਜਾਰ ਦੇ ਆਰਾਮ ਤੇ ਵਿਲਾਸ ਪਦਾਰਥਾਂ ਨੂੰ ਜੋਸ਼ੀਲਾਂ ਹੁੰਗਾਰਾ ਮਿਲਿਆ। ਬਜਾਰ ਵਿੱਚ ਫ਼ਰਿਜਾਂ, ਟੀ.ਵੀ., ਕੰਪਿਊਟਰ, ਕਾਰਾਂ ਅਤੇ ਖਾਣ-ਪੀਣ ਦੀਆਂ ਵਸਤਾਂ ਦਾ ਹੜ੍ਹ ਆ ਗਿਆ। ਇਹ ਚੀਜਾ ਮੱਧ-ਵਰਗ ਲਈ ਉੱਚ-ਹਸਤੀ (Status Symbol) ਦਾ ਪ੍ਰਤੀਕ ਬਣ ਗਿਆ। ਇੰਨ੍ਹਾਂ ਦੀ ਪ੍ਰਾਪਤੀ ਲਈ ਮੱਧ-ਵਰਗ ਨੇ ਪੈਸਾ ਪ੍ਰਾਪਤ ਕਰਨ ਲਈ ਹਰ ਹੀਲਾ ਵਰਤਣਾ ਸ਼ੁਰੂ ਕਰ ਦਿੱਤਾ। ਜਿਸ ਕਰਕੇ ਕਿੱਤਾ-ਮੁੱਖੀ ਸਿਖਿਆ, ਵਿਦੇਸ਼ ਲਈ ਪ੍ਰਵਾਸ, ਨਵੇਂ-ਨਵੇਂ ਵਪਾਰ ਮੁਕਾਬਲੇਬਾਜੀ ਅਰੰਭ ਹੋਈ। ਜਿਥੇ ਇਹ ਅਗਾਂਹ-ਵਧੂ ਕਦਮ ਚੁੱਕੇ ਗਏ, ਉਥੇ ਮਾਨਵੀ ਕਦਰਾਂ-ਕੀਮਤਾਂ, ਸਭਿਆਚਾਰਕ ਮਾਨ-ਪ੍ਰਤੀਮਾਨ ਆਦਿ ਨੂੰ ਅੱਖੋਂ-ਪਰੋਖੇ ਕਰਕੇ ਮਨੁੱਖ ਦੀ ਸੋਚ ਸਿਰਫ ਪਦਾਰਥ ਮੁਖੀ ਤੇ ਸਵੈਂ-ਕੇਂਦਰਿਤ ਹੋ ਕੇ ਰਹਿ ਗਈ। ਅਜਿਹੀ ਸੰਕੀਰਨ ਸੋਚ ਨੇ ਸਿਰਫ ਮੱਧ-ਵਰਗ ਨੂੰ ਹੀ ਨਹੀਂ ਸਗੋਂ ਨਿਮਨ-ਵਰਗ ਨੂੰ ਵੀ ਆਪਣੀ ਛੋਹ ਤੋਂ ਦੂਰ ਨਹੀਂ ਰਹਿਣ ਦਿੱਤਾ।

**ਸਮਾਜਿਕ ਕਦਰਾਂ ਕੀਮਤਾਂ ਵਿੱਚ ਨਿਘਾਰ**

ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਮੁਕਾਬਲੇਬਾਜੀ ਤੇ ਪੂੰਜੀ ਤੇ ਕੇਂਦਰੀਕਰਨ ਦੀ ਪ੍ਰਵਿਰਤੀ ਨੇ ਜਿੱਥੇ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਅੱਖੋਂ-ਪਰੋਖੇ ਕੀਤਾ ਉਥੇ ਜੀਵਨ ਮੁੱਲਾਂ ਵਿੱਚ ਗਿਰਾਵਟ, ਟਿਕਾਉ ਦੀ ਥਾਂ 'ਵਰਤੋਂ ਤੇ ਸੁੱਟੋ'(Use and Throw), ਸਮੂਹ ਦੀ ਥਾਂ ਵਿਅਕਤੀਗਤ ਆਦਿ ਨਵੀਆਂ ਅਤੇ ਪੱਛਮੀ ਜੀਵਨ ਸ਼ੈਲੀ ਦੀਆਂ ਧਾਰਨਾਵਾਂ ਆਮ ਵਿਅਕਤੀ ਦੇ ਜੀਵਨ ਦਾ ਹਿੱਸਾ ਬਣ ਗਈਆਂ। ਜਿੱਥੋਂ ਤੱਕ ਵਸਤੂਆਂ ਦਾ ਸਬੰਧ ਹੈ ਤਾਂ ਉਥੇ 'Use and Throw' ਦੀ ਧਾਰਨਾ ਕਿਸੇ ਹੱਦ ਤੱਕ ਜਾਇਜ ਮੰਨੀ ਜਾ ਸਕਦੀ

ਹੈ ਪਰ ਸੋਚਣ ਤੇ ਚਿੰਤਾ ਵਾਲੀ ਗੱਲ ਇਹ ਹੈ ਕਿ ਵਰਤਮਾਨ ਪਦਾਰਥਵਾਦੀ ਸੋਚ ਨੇ ਮਨੁੱਖ ਨੂੰ ਵੀ ਇੱਕ ਵਸਤੂ ਮਾਤਰ ਬਣਾ ਕੇ ਰੱਖ ਦਿੱਤਾ ਹੈ। ਜਿੱਥੇ ਰਿਸ਼ਤੇ-ਨਾਤੇ ਵੀ ਇੱਕ ਸਵਾਰਥ ਦੀ ਹੱਦ ਤੱਕ ਸੀਮਤ ਹੋ ਕੇ ਰਹਿ ਗਏ ਹਨ। ਸਵਾਰਥ ਪੂਰਾ ਹੋਣ 'ਤੇ ਰਿਸ਼ਤੇ ਬਦਲਣੇ ਤੇ ਨਾਤੇ ਤੋੜਨੇ ਵਰਤਮਾਨ ਪੂੰਜੀਵਾਦੀ ਪ੍ਰਬੰਧ ਦਾ ਇਕ ਆਮ ਜਿਹਾ ਵਰਤਾਰਾ ਬਣ ਗਿਆ ਹੈ।

ਜਦੋਂ ਵਿਸ਼ਵੀਕਰਨ ਦੇ ਉਪਰੋਕਤ ਵਰਤਾਰੇ ਦੇ ਪ੍ਰਸਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬੀ ਸਾਹਿਤ ਅਤੇ ਖਾਸ ਤੌਰ ਤੇ ਨਾਵਲ ਸਾਹਿਤ ਉਪਰ ਵਿਚਾਰ ਕਰਦੇ ਹਾਂ ਤਾਂ ਇਹ ਸਾਹਿਤ ਰੂਪ ਅਜਿਹੇ ਸਾਰੇ ਵਰਤਾਰੇ ਨੂੰ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਸਹਿਜੇ ਹੀ ਵਿਅਕਤ ਕਰ ਰਿਹਾ ਹੈ। ਇਹ ਵਿਸ਼ਵੀਕਰਨ ਦੇ ਸਕਾਰਮਤਕ ਅਤੇ ਨਕਾਰਤਮਕ ਦੋਵਾਂ ਹੀ ਪੱਖਾਂ ਨੂੰ ਹੀ ਉਜਾਗਰ ਕਰਨ ਵਿੱਚ ਪੂਰੀ ਤਰ੍ਹਾਂ ਸਮਰਥ ਤੇ ਅਗਰਸਰ ਹੈ।

ਨਵੀਨ ਤਕਨੀਕ, ਵਿੱਦਿਆ ਦੇ ਪ੍ਰਸਾਰ, ਮੀਡੀਏ ਦੇ ਪ੍ਰਚਾਰ, ਆਵਾਜਾਈ ਦੇ ਆਧੁਨਿਕ ਸਾਧਨਾਂ, ਪ੍ਰਵਾਸ, ਆਧੁਨਿਕਰਨ ਆਦਿ ਵਿਸ਼ਵੀਕਰਨ ਦੀਆਂ ਧਾਰਨਾਵਾਂ ਕਰਕੇ ਪੰਜਾਬੀ ਸਮਾਜ ਦੀ ਖੇਤੀ ਅਧਾਰਤ ਜੀਵਨ-ਜਾਂਚ ਨਗਰੀ ਸ਼ੈਲੀ ਵਿੱਚ ਪ੍ਰਵਾਰਤਿਤ ਹੋਣ ਲੱਗਦੀ ਹੈ। ਲੋਕਾਂ ਦਾ ਰਹਿਣ-ਸਹਿਣ, ਪਹਿਰਾਵਾ, ਮਨੋਰੰਜਨ ਦੇ ਸਾਧਨ, ਵਿਕਸਤ-ਪੂੰਜੀਵਾਦੀ ਚੇਤਨਾ ਨਾਲ ਕਦਮ ਮਿਲਾਉਣ ਲਈ ਯਤਨਸ਼ੀਲ ਹੁੰਦੇ ਹਨ।

ਵਿਸ਼ਵੀਕਰਨ ਅਤੇ ਉਦਾਰੀਕਰਨ ਦੇ ਨਾਲ ਦੇਸ਼ ਦੀ ਖੇਤੀ ਤੇ ਖਾਸ ਕਰਕੇ ਹਰੇ ਇਨਕਲਾਬ ਦੇ ਇਲਾਕਿਆਂ ਜਿਵੇਂ ਪੰਜਾਬ, ਹਿਰਆਣਾ, ਪੱਛਮੀ ਯੂ.ਪੀ., ਆਂਦਰਾ ਪ੍ਰਦੇਸ਼, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਦੀ ਖੇਤੀ ਨੂੰ ਇਕ ਸੰਕਟ ਨੇ ਘੇਰ ਲਿਆ ਹੈ ਖੇਤੀ ਦੀ ਪੈਦਾਵਾਰ ਕਣਕ ਅਤੇ ਚੌਲਾ ਦੀ ਉਪਜ ਨੂੰ ਮੰਡੀ ਦਾ ਸੰਕਟ ਆ ਪਿਆ ਜਿੰਨਾ ਅਨਾਜ ਮੰਡੀਆਂ ਵਿੱਚ ਆ ਰਿਹਾ ਹੈ ਸਰਕਾਰ ਉਸ ਨੂੰ ਘੱਟ ਤੈਅ ਮੁੱਲ ਤੇ ਖਰੀਦਣ ਨੂੰ ਤਿਆਰ ਨਹੀਂ। ਪਹਿਲਾ ਦੇਸ਼ ਵਿੱਚ ਅਨਾਜ ਦੀ ਕਮੀ ਸੀ ਅਤੇ ਅਨਾਜ ਵਿਦੇਸ਼ਾਂ ਤੋਂ ਖਰੀਦਣਾ ਪੈਂਦਾ ਸੀ ਤੇ ਵਿਦੇਸ਼ੀ ਮੰਡੀਆਂ ਵਿੱਚ ਅਨਾਜ ਦਾ ਭਾਅ ਜਿਆਦਾ ਹੋਣ ਕਰਕੇ ਦੇਸ਼ ਵਿੱਚ ਅਨਾਜ ਦੇ ਉਤਪਾਦ ਨੂੰ ਉਤਸ਼ਾਹਿਤ ਕੀਤਾ ਗਿਆ। ਜਿੰਨਾ ਅਨਾਜ ਮੰਡੀਆਂ ਵਿੱਚ ਆਉਂਦਾ ਸੀ ਸਰਕਾਰ ਉਸ ਨੂੰ ਘੱਟ ਤੋਂ ਘੱਟ ਮੁੱਲ ਤੇ ਖਰੀਦ ਲੈਂਦੀ ਸੀ ਅਤੇ ਕਮੀ ਵਾਲੇ ਇਲਾਕਿਆਂ ਵਿੱਚ ਇਸ ਨੂੰ ਪਬਲਿਕ ਵੰਡ ਪ੍ਰਣਾਲੀ ਨਾਲ ਰਾਸ਼ਨ ਦੀਆਂ ਦੁਕਾਨਾਂ ਰਾਂਹੀ ਵੇਚ ਦਿੰਦੀ ਸੀ। ਕਿਸਾਨਾਂ ਦਾ ਉਤਪਾਦਨ ਝੱਟ-ਪੱਟ ਵਿਕ ਜਾਂਦਾ ਸੀ, ਪਰ ਹੁਣ ਸਰਕਾਰ ਪਾਸ ਅਨਾਜ ਦੇ ਇੰਨੇ ਭੰਡਾਰ ਜਮ੍ਹਾਂ ਹੋ ਗਏ ਹਨ ਕਿ ਇਹ ਹੋਰ ਅਨਾਜ ਖਰੀਦਣ ਨੂੰ ਤਿਆਰ ਨਹੀਂ। ਸੋ, ਫਸਲ ਮੰਡੀਆਂ ਵਿੱਚ ਰੁਲਦੀ ਹੈ ਤੇ ਕਿਸਾਨਾਂ ਨੂੰ ਕਈ-ਕਈ ਦਿਨ ਅਨਾਜ ਵਿਕਣ ਦੀ ਉਡੀਕ ਵਿੱਚ ਖਜਲ-ਖੁਆਰ ਹੋਣਾ ਪੈਂਦਾ ਹੈ। ਦੂਜੇ ਪਾਸੇ ਅਨਾਜ ਨੂੰ ਪੈਦਾ ਕਰਨ ਵਾਸਤੇ ਲਗਾਏ ਜਾਂਦੇ ਸਾਧਨ ਪਾਣੀ, ਕੀੜੇ ਮਾਰ ਦਵਾਈਆਂ, ਡੀਜਲ, ਖੇਤੀ ਦੀ ਮਸ਼ੀਨਰੀ, ਬਿਜਲੀ ਆਦਿ ਮਹਿੰਗੇ ਹੁੰਦੇ ਜਾ ਰਹੇ ਹਨ, ਪਰ ਕਿਸਾਨਾਂ ਦੀਆਂ ਫਸਲਾ ਦਾ ਭਾਅ ਵਧਣ ਦੀ ਬਜਾਏ ਸਥਿਰ ਕਰ ਦਿੱਤਾ ਗਿਆ ਹੈ ਜਾਂ ਘਟਾਉਣ ਦੀ ਗੱਲ ਤੁਰ ਪਈ ਹੈ। ਕਣਕ ਦਾ ਭਾਅ ਸਥਿਰ ਕਰ ਦਿੱਤਾ ਗਿਆ ਹੈ। ਜਿਸ ਨਾਲ ਖੇਤੀ ਤੇ ਹੋਣ ਵਾਲੀ ਆਮਦਨ ਘੱਟਣ ਲੱਗ ਪਈ ਹੈ। ਕਿਸਾਨਾ ਉੱਪਰ ਕਰਜੇ ਦਾ ਬੋਝ ਦਿਨੋ-ਦਿਨ ਵੱਧ ਰਿਹਾ ਹੈ। ਸੋ, ਇਹ ਦਵੰਦ ਆਤਮਿਕ ਸਥਿਤੀ ਪਿੱਛੇ ਸਾਰਾ ਦਾਰੋਮਦਾਰ ਵਿਸ਼ਵੀਕਰਨ ਤੇ ਉਦਾਰੀਕਰਨ ਵਰਗੀਆਂ ਵਿਸ਼ਵ ਵਿਆਪੀ ਨੀਤੀਆਂ ਦਾ ਦਿਖਾਈ ਦਿੰਦਾ ਹੈ।

ਸੋ ਵਿਸ਼ਵੀਕਰਨ ਦੁਆਰਾ ਪੈਦਾ ਹੋਈਆਂ ਇਹਨਾਂ ਤਬਦੀਲੀਆਂ ਨੇ ਪੰਜਾਬੀ ਸਮਾਜ ਨੂੰ ਝੰਜੋੜਕੇ ਰੱਖ ਦਿੱਤਾ ਹੈ। ਮੰਡੀ ਅਧਾਰਤ ਉਪਭੋਗਵਾਦੀ ਰੁਝਾਨ ਨੇ ਸਾਡੇ ਸਮਾਜ ਸਭਿਆਚਾਰਕ ਸਰੰਚਨਾਵਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਜਿਸ ਕਰਕੇ ਗਲਪੀ ਸੰਸਾਰ ਵਿਚੋਂ ਵੀ ਇਹ ਸਾਰੇ ਸਰੋਕਾਰ ਮਿਲਦੇ ਹਨ। ਮੰਡੀਕਰਨ ਕਰਕੇ ਕਿਸਾਨੀ ਸਮੱਸਿਆ ਵਿਕਰਾਲ ਰੂਪ ਧਾਰ ਚੁੱਕੀ ਹੈ। ਇਸ ਲਈ ਪੰਜਾਬੀ ਨਾਵਲ ਕਿਸਾਨੀ ਸਮਾਜ ਨੂੰ ਦਰਪੇਸ਼ ਸਮੱਸਿਆਵਾ ਨੂੰ ਵਿਸ਼ਾਲ ਰੂਪ ਵਿੱਚ ਆਪਣਾ ਅਧਾਰ ਬਣਾਉਂਦਾ ਹੈ।

## ਵਿਸ਼ਵੀਕਰਨ ਤੇ ਨਿਮਨ ਕਿਸਾਨੀ

ਇਹਨਾਂ ਸਮੱਸਿਆਵਾਂ ਦੇ ਪ੍ਰਤੀਨਿਧ-ਨਾਵਲਕਾਰ ਰਾਮਸਰੂਪ ਅਣਖੀ, ਅਵਤਾਰ ਸਿੰਘ ਬਲਿੰਗ, ਮਿੱਤਰ ਸੈਨ ਮੀਤ ਤੇ ਬਲਦੇਵ ਸਿੰਘ ਸੜਕਨਾਮਾ ਰਹਿੰਦੇ ਹਨ। ਜੇਕਰ ਵਿਸ਼ਵੀਕਰਨ ਦੇ ਇਸ ਯੁੱਗ ਵਿੱਚ ਕਿਸਾਨੀ ਸਮਾਜ ਦੀ ਕਰੁਖਤ ਤੇ ਅਸਲ ਤਸਵੀਰ ਦੇਖਣੀ ਹੋਵੇ ਤਾਂ ਬਲਦੇਵ ਸਿੰਘ ਦੇ ਨਾਵਲ ਅੰਨਦਾਤਾ ਨੂੰ ਭਲੀ-ਭਾਂਤ ਵਾਚਿਆ ਜਾ ਸਕਦਾ ਹੈ। ਨਾਵਲ ਦਾ ਕੇਂਦਰੀ ਥੀਮ ਵਿਚਾਰਧਾਰਕ ਦ੍ਰਿਸ਼ਟੀ ਤੇ ਨਾਵਲ ਦਾ ਬਿਰਤਾਂਤ ਸਮੁਚੇ ਕਿਸਾਨੀ ਸਮਾਜ ਦੀ ਅਸਲ ਤਸਵੀਰ ਨੂੰ ਬਿਆਨ ਕਰਦਾ ਹੈ। ਇਸ ਵਿੱਚ ਹਰੇ ਇਨਕਲਾਬ ਦੇ ਆਉਣ ਕਰਕੇ ਕਿਸਾਨਾਂ ਦੀ ਫਸਲ ਦੀ ਹੋਈ ਦੁਰਗਤ, ਘੱਟ ਰਹੀ ਆਮਦਨ, ਹੱਥੋ ਜਾਂ ਰਹੀ ਜਮੀਨ, ਧੀਆਂ ਦੀ ਵਿਆਹੁਣਯੋਗ ਉਮਰ ਦਾ ਲੰਘ ਜਾਣਾ ਆਦਿ ਅਨੇਕਾਂ ਹੀ ਸਮੱਸਿਆਵਾਂ ਦੀ ਸੁਰ ਤੰਦ ਸਾਂਝੀ ਦਿਖਾਈ ਦਿੰਦੀ ਹੈ। ਕਿਸਾਨਾ ਦੀ ਤ੍ਰਾਸਦੀ ਆਰਥਿਕ ਸਮਜਿਕ ਤੇ ਸੱਭਿਆਚਾਰਕ ਅਤੇ ਮਾਨਸਿਕ ਹੈ, ਕਿਸਾਨ ਅੰਨਦਾਤਾ ਹੈ ਉਸ ਦੀ ਤ੍ਰਾਸਦੀ ਬਾਰੇ ਗੱਲਾਂ ਸਭ ਕਰਦੇ ਹਨ, ਸੰਸੇ ਜਿਤਾਉਂਦੇ ਹਨ, ਪਰ ਇਸ ਦਾ ਹੱਲ ਕੋਈ ਨਹੀਂ ਲੈਕੇ ਆਉਂਦਾ, ਸਗੋਂ ਸਮੱਸਿਆ

ਬਹੁਤ ਤੇਜੀ ਨਾਲ ਵੱਧ ਰਹੀ ਹੈ। ਕਿਸਾਨ ਖੁਦਖੁਸ਼ੀ ਕਰਨ ਤੱਕ ਪਹੁੰਚ ਗਿਆ ਹੈ। ਭਈਆਂ ਨਾਲ ਮੰਡੀ ਵਿੱਚ ਆਪ ਛਾਬੜੀ ਲਾਉਣ ਤੱਕ ਪਹੁੰਚ ਜਾਂਦਾ ਹੈ। ਸਿਸਟਮ ਵਿੱਚ ਬਦਲਾਓ ਕੋਈ ਨਹੀਂ ਆਉਂਦਾ, ਬਲਕਿ ਦਿਨ-ਬਾ-ਦਿਨ ਨਿਗਾਰ ਵੱਧਦਾ ਜਾ ਰਿਹਾ ਹੈ।

ਨਾਵਲੀ ਬਿਰਤਾਂਤ ਅਨੁਸਾਰ ਇਹ ਇੱਕ ਧਨੀ ਪਰਿਵਾਰ ਦੀ ਕਹਾਣੀ ਹੈ। ਜਿਸ ਕੋਲ ਖੁੱਲ੍ਹੀ ਜਮੀਨ ਸੀ, ਪਰ ਸਮਾਂ ਪਾ ਕੇ ਜਮੀਨ ਵੰਡੀ ਗਈ ਮੁੱਖ ਪਾਤਰ ਵਜੀਰ ਸਿੰਘ ਦੇ ਤਿੰਨ ਪੁੱਤ ਤੇ ਇਕ ਧੀ ਹੁੰਦੀ ਹੈ। ਉਹਨਾਂ ਦਾ ਗੁਜਾਰਾ ਚੰਗਾ ਚੱਲ ਰਿਹਾ ਹੁੰਦਾ ਹੈ, ਪਰ ਅਚਾਨਕ ਸੰਕਟ ਅਰੰਭ ਹੋ ਜਾਂਦਾ ਹੈ ਇਸ ਕਰਕੇ ਪਰਿਵਾਰ ਦਾ ਵੱਡਾ ਮੁੰਡਾ ਜਿਸ ਤੋਂ ਆਸ ਸੀ ਕਿ ਉਹ ਖਾਨਦਾਨੀ ਜਮੀਨ ਤੇ ਵਾਹੀ ਦਾ ਕੰਮ ਕਰੇਗਾ ਤੇ ਕਬੀਲਦਾਰੀ ਸਾਂਭ ਲਵੇਗਾ, ਪਰ ਉਹ ਵੀ ਖੇਤੀ ਕਰਨ ਲਈ ਟਰੈਕਟਰ ਖਰੀਦਣ ਦੀ ਸ਼ਰਤ ਰੱਖਦਾ ਹੈ ਤੇ ਬਾਹਰ ਜਾਣ ਲਈ ਵੀ ਘਰ ਤੇ ਆਰਥਿਕ ਬੋਝ ਪਾਉਂਦਾ ਹੈ। ਵਜੀਰ ਸਿੰਘ ਦਾ ਛੋਟਾ ਲੜਕਾ ਕਾਲਜ ਜਾ ਕੇ ਕਿਸਾਨ ਜਥੇਬੰਦੀਆਂ ਦਾ ਰਾਹ ਚੁੱਣ ਲੈਂਦਾ ਹੈ। ਲੜਕੀ ਕਾਲਜ ਜਾ ਕੇ ਗਲਤ ਕੰਮਾਂ ਵਿੱਚ ਪੈ ਜਾਂਦੀ ਹੈ ਤੇ ਉਸ ਨੂੰ ਕਾਲਜ ਤੋਂ ਹਟਾ ਲਿਆ ਜਾਂਦਾ ਹੈ। ਸਭ ਤੋਂ ਛੋਟਾ ਲੜਕਾ ਜੱਟਾਂ ਦਾ ਮੁੰਡਾ ਹੋ ਕੇ ਗਾਉਣ-ਵਜਾਉਣ ਵਾਲਾ ਸ਼ੋਕ ਪਾਲ ਲੈਂਦਾ ਹੈ। ਇਸ ਤਰ੍ਹਾਂ ਇਕ ਜਿਮੀਦਾਰ ਦਾ ਸਾਰਾ ਤਾਣਾ-ਬਾਣਾ ਹੀ ਉਲਝੀ ਹੋਈ ਤੰਦ ਬਣਕੇ ਰਹਿ ਜਾਂਦਾ ਹੈ।

ਨਾਵਲ ਦੇ ਅਰੰਭ ਵਿੱਚ ਹੀ ਵਜੀਰ ਸਿੰਘ ਦੀ ਧੀ ਭੂਪੀ ਗੁੰਮ ਹੋਈ ਦਿਖਾਈ ਗਈ ਹੈ। ਉਹ 27 ਵਰ੍ਹਿਆਂ ਦੀ ਹੋ ਗਈ ਸੀ, ਪਰ ਉਸ ਦਾ ਵਿਆਹ ਨਹੀਂ ਹੁੰਦਾ ਤੇ ਇਕ ਦਿਨ ਅਚਾਨਕ ਘਰੋਂ ਗਾਇਬ ਹੋ ਜਾਂਦੀ ਹੈ। ਵਜੀਰ ਸਿੰਘ ਦਾ ਭਰਾ ਵੀ ਉਸ ਨਾਲ ਇਸ ਘਟਨਾ ਤੇ ਦੁੱਖ ਵੰਡਾਉਣ ਨਹੀਂ ਆਉਂਦਾ। ਅਜਿਹੀ ਬੇ-ਰੁੱਖੀ ਤੇ ਬੇ-ਗਾਨਗੀ ਨੂੰ ਵਿਸਾਖਾ ਸਿੰਘ ਦੀ ਮਨੋਬਚਨੀ ਇਉਂ ਬਿਆਨ ਕਰਦੀ ਹੈ:-

> *"....ਸਰਦੂਲ ਨੇ ਇਕ ਵਾਰ ਵੀ ਨਹੀਂ ਪੁੱਛਿਆ –ਭੂਪੀ ਵਾਲੀ ਗੱਲ ਕਿਵੇਂ ਹੋਗੀ? ਕਾਹਦਾ ਮੋਹ-ਪਿਆਰ ਹੈ? ਕਾਹਦੇ ਲਹੂ ਦੇ ਸਬੰਧ ਨੇ? ਕੋਹੜੀਆਂ ਤੇਰੀ ਸਕੀ ਭਤੀਜੀ ਐ। ਧੀਆਂ ਵਰਗੀ ਐ। ਠੀਕ ਐ ਆਪਸ ਵਿੱਛ ਨਾ ਬੋਲੇ, ਨਾ ਵਰਤ-ਵਰਤਾਰਾ ਰੱਖੇ। ਪਰ ਐਹੋ ਜਿਹੀ ਬਿਪਤਾ ਵੇਲੇ ਤਾਂ ਨਾਲ ਖੜੋ। ਗਰਕ ਜੁਗੀ ਇਹ ਦੁਨੀਆਂ ............. । "*[1]

ਕਿਸਾਨਾ ਦੀ ਆਰਥਿਕ ਦਸ਼ਾ ਨੂੰ ਮਾੜੀ ਬਣਾਉਣ ਦਾ ਇਕ ਵਿਕਰਾਲ ਆੜ੍ਹਤੀਆਂ ਦੁਆਰਾ ਕਿਸਾਨਾਂ ਦਾ ਸੋਸ਼ਣ ਹੈ ਇਹ ਵੀ ਇੱਕ ਸਰਮਾਏਦਾਰੀ ਦਾ ਸਮਾਜਵਾਦ ਤੇ ਭਾਰੂ ਹੋਣ ਦਾ ਬਹੁਤ ਵੱਡਾ ਸਬੂਤ ਹੈ। ਭਾਵੇਂ ਆਧੁਨਿਕਤਾ ਦੇ ਯੁੱਗ ਵਿੱਚ ਸਭ ਕੰਮ ਬਹੁਤ ਹੀ ਸੋਖੇ ਤੇ ਸਹਿਜ ਹੋ ਗਏ ਹਨ, ਪਰ ਸਰਕਾਰੀ ਸਹਾਇਤਾ ਤੇ ਸਰਕਾਰੀ ਸੰਸਥਾਵਾਂ ਤੋਂ ਕਰਜਾ ਪ੍ਰਾਪਤ ਕਰਨ ਦੀ ਵਿਧੀ ਨਿਮਨ ਕਿਸਾਨੀ ਲਈ ਫਿਰ ਵੀ ਉਹਨਾਂ ਦੇ ਹੱਕ ਵਿੱਚ ਨਹੀਂ ਖੜਦੀ। ਜਿਸ ਕਰਕੇ ਉਹਨਾਂ ਨੂੰ ਮਜਬੂਰੀ ਵੱਸ ਸਿੱਧੇ-ਅਸਿੱਧੇ ਢੰਗ ਵਾਲਾ ਸ਼ਾਹੂਕਾਰਾ ਦੇ ਕਰਜ ਦਾ ਅੱਕ ਚਬਣਾ ਪੈਂਦਾ ਹੈ। ਜਿਸ ਵਿੱਚ ਦੋਹਰੇ-ਤੀਹਰੇ ਵਿਆਜ ਦੀ ਚੱਕੀ ਵਿੱਚ ਪਿਸਦਾ ਕਿਸਾਨ ਆਪਣੀ ਜਮੀਨੀ ਮਾਲਕੀ ਦੇ ਮਿਆਰ ਤੋਂ ਹੌਲੀ-ਹੌਲੀ ਹੌਲਾ ਪੈਂਦਾ ਜਾਂਦਾ ਹੈ। ਆਪਣੀਆਂ ਘਰੇਲੂ ਤੇ ਹੋਰ ਛੋਟੀਆਂ-ਮੋਟੀਆਂ ਲੋੜਾਂ ਲਈ ਇਹਨਾਂ ਆੜ੍ਹਤੀਆਂ ਕੋਲ ਜਮੀਨ ਗਹਿਣੇ ਕਰਨੀ ਪੈਂਦਾ ਹੈ ਤੇ ਅਖੀਰ ਉਸ ਦੀ ਮਾਲਕੀ ਆੜ੍ਹਤੀਏ ਦੇ ਹੱਕ ਵਿੱਚ ਚਲੀ ਜਾਂਦੀ ਹੈ। ਇਸ ਸਥਿਤੀ ਨੂੰ ਨਾਵਲ ਵਿਚਲੇ ਬਿਰਤਾਂਤ ਅਨੁਸਾਰ ਰਾਜਪਾਲ ਦੇ ਲੇਖੀ ਰਾਮ ਆੜ੍ਹਤੀਏ ਪ੍ਰਤੀ ਇਹ ਬੋਲ ਉਜਾਗਰ ਕਰਦੇ ਹਨ:-

> *ਇਹਨਾਂ ਭੈਣ ਦੇਣਿਆਂ ਦੇ ਤਾਂ ਪੂਰੇ ਹੋਣੇ ਹੀ ਨਹੀਂ ਸਾਰੀ ਉਮਰ। ਹਰ ਸੀਜਨ ਕਿਤੇ ਸ਼ੈਲਰ ਲਾ ਲੈਂਦੇ ਐ, ਕਿਤੇ ਪਲਾਟ ਖਰੀਦ ਲੈਂਦੇ ਐ, ਕਿਤੇ ਫਾਇਨਾਂਸ ਕੰਪਨੀ ਖੋਲ ਲੈਂਦੇ ਹੋ, ਜੱਟ ਨੂੰ ਤਾਂ ਕੁਲਾੜੀ 'ਚ ਗੰਨੇ ਆਗੂ ਪੀੜ ਦੇਣਗੇ ਇਹ ...... ਬਾਬ ਦੱਸਦਾ ਹੁੰਦਾ ਆਪਣੀ ਕੋਲ 80 ਕਿੱਲੇ ਹੁੰਦੇ ਸੀ ......... ਕਿੰਨੇ ਰਹਿ ਗਏ ਹੁਣ ? ਕਿੱਧਰ ਗਏ ........ ? ਆਹ ਲੇਖੀ ਰਾਮ ਆੜ੍ਹਤੀਆਂ ਐ ਨਾ ........... ਇਹਦਾ ਬਾਬਾ ਕਹਿੰਦਾ ਸਾਇਕਲ ਤੇ ਸਬਜੀ ਵੇਚਦਾ ਹੁੰਦਾ ਸੀ ਪਿੰਡ 'ਚ .......। ਆਪਣੇ ਹਿਸਾਬ ਨਾਲ ਤਾਂ ਉਹਦੀ ਉਲਾਦ ਨੂੰ ਭੀਖ ਮੰਗਦੇ ਹੋਣਾ ਚਾਹੀਦਾ ਸੀ ........ ਪਰ ਉਹਨਾਂ ਕੋਲ 6 ਆੜ੍ਹਤ ਦੀਆਂ ਦੁਕਾਨਾਂ ਨੇ, 2 ਸ਼ੈਲਰ ਐ.......। ਕਿੱਥੋ ਆਇਆ ਸਾਰਾ ਕੁਸ਼ ? ਉਤੋ ਡਿੱਗ ਪਿਆ ....... ? ਇਹ ਸਾਰਾ ਕੁਸ਼ ਜੱਟਾਂ ਦਾ ਲਹੂ ਨਚੋੜ-ਨਚੋੜ ਕੇ ਹੀ ਬਣਿਐ ..........।*[2]

ਸੋ ਉਪਰੋਕਤ ਹਵਾਲੇ ਤੋਂ ਕਿਸਾਨਾ ਦਾ ਦੁਖਾਂਤ ਭਲੀ ਭਾਂਤ ਦਿਖਾਈ ਦਿੰਦਾ ਹੈ ਕਿਸਾਨੀ ਦੀ ਨਿਘਰ ਰਹੀ ਸਥਿਤੀ ਲਈ ਸਰਮਾਏਦਾਰ ਜਮਾਤ ਪ੍ਰਤੱਖ ਤੌਰ ਤੇ ਜਿੰਮੇਵਾਰ ਦਿਖਾਈ ਦਿੰਦੀ ਹੈ ਜਿਹੜੀ ਹਰ ਜਾਇਜ ਨਜਾਇਜ ਵਸੀਲੇ ਦੀ ਵਰਤੋਂ ਕਰਕੇ ਆਪਣੀ ਪੂੰਜੀ ਨੂੰ ਵਧਾਉਣ ਲਈ ਹਰ ਸੰਭਵ ਯਤਨ ਕਰਦੀ ਹੈ। ਉਹੀ ਸਰਕਾਰੀ ਵਿੱਤੀ ਸਾਧਨ ਇਸ ਜਗਤ ਲਈ ਬੜੇ ਸਰਲ ਤੇ ਸਹਿਜ ਹਨ। ਜਿੰਨਾਂ ਦੀ ਵਰਤੋ ਕਰਕੇ ਉਹ ਕਿਸਾਨੀ ਜਗਤ ਦੀਆਂ ਮਜਬੂਰੀਆਂ ਦਾ ਨਜਾਇਜ ਫਾਇਦਾ ਚੁੱਕਦੀ ਹੈ ਤੇ ਘੱਟ ਵਿਆਜ 'ਤੇ ਲਿਆ ਸਰਕਾਰੀ ਪੈਸਾ ਦੂਹਰੀ ਤੀਹਰੀ ਵਿਆਜ ਤੇ ਕਿਸਾਨਾਂ ਨੂੰ ਦੇ ਕੇ ਉਨ੍ਹਾਂ ਨੂੰ ਕਰਜੇ ਦੇ ਬੋਝ ਹੇਠਾਂ ਦੱਬਦੇ ਹਨ। ਜਿਸ ਦੀ ਮਾਰ ਨਾਂ ਝੱਲਦੇ ਹੋਏ ਇਹ ਜਿੰਮੀਦਾਰ ਹੋਲੀ ਹੋਲੀ ਆਪਣੀ ਜਮੀਨ ਦੀ ਮਾਲਕੀ ਵੀ ਗੁਆ ਬੈਠਦੇ ਹਨ। ਇਹ

ਸਿਲਸਿਲਾ ਪੀੜ੍ਹੀ ਦਰ ਪੀੜ੍ਹੀ ਕਰਜੇ ਦੀ ਸਮੱਸਿਆ ਵਿੱਚ ਬਦਲ ਜਾਂਦਾ ਹੈ ਤੇ ਅਖੀਰ ਕਿੱਲਿਆਂ ਦੀ ਖੇਤੀ ਕਨਾਲਾਂ ਤੱਕ ਸਿਮਟ ਕੇ ਰਹਿ ਜਾਂਦੀ ਹੈ। ਨਾਵਲ ਦੇ ਹਵਾਲੇ ਅਨੁਸਾਰ :-

*"ਵਿਸਾਖਾ ਸਿੰਘ .... ਦੂਰ ਤੀਕਰ ਝਾਕਿਆ .....। ਬੱਲੇ-ਬੱਲੇ ..... ਕਿੰਨੀ ਜਮੀਨ ਹੁੰਦੀ ਸੀ ਵਡੇਰਿਆ ਕੋਲ ..... 70-80 ਕਿੱਲੇ ...... ਜੇ ਇੰਨੀ ਜਮੀਨ ਕਿਸੇ ਸ਼ਾਹ ਕੋਲ ਹੁੰਦੀ ਉਨ੍ਹਾਂ ਵੇਲਿਆ ਵਿੱਚ ਹੁਣ ਨੂੰ ਤਾਂ ਅੱਧਾ ਮੁਲਕ ਉਹਦਾ ਹੁੰਦਾ ਉਸਨੂੰ ਪਤਾ ਹੈ, ਭਲੇ ਵੇਲੇ ਜਿਸ ਹਲਵਾਈ ਕੋਲੋ ਹਾੜ੍ਹੀ ਸਾਉਣੀ ਵੇਲੇ ਮਠਿਆਈ ਲਿਆਉਂਦਾ ਹੁੰਦਾ ਸੀ ਅੱਜ ਉਸ ਦੇ ਚਾਰ ਮੁੰਡਿਆਂ ਦੀਆਂ ਸ਼ਹਿਰ ਵਿੱਚ 4 ਵੱਡੀਆਂ ਦੁਕਾਨਾਂ ਨੇ ਮਠਿਆਈ ਦੀਆਂ। ਜੇ 6 ਮੁੰਡੇ ਹੁੰਦੇ ਹਨ ਤਾਂ 6 ਦੁਕਾਨਾਂ ਹੋਈਆਂ ਸਨ। ਪਰ .... ਇੱਥੇ ਰਾਜਪਾਲ ਕੋਲ ਤਾਂ 4 ਕਨਾਲਾਂ ਰਹਿ ਗਈ, ਜਮੀਨ 80 ਕਿੱਲਿਆ ਦੀ ਢੇਰੀ, 4 ਕਨਾਲਾਂ ਤੋਂ ਆ ਗਈ ਤਾਂ ਅਗਾਂਹ ਕੀ ਕਰੂਗਾ ਘੋਨਾ? ਕਹੂਗਾ ਮੈਂ ਢਿੱਲੋਂ ਜੱਟਾਂ ਦਾ ਮੁੰਡਾ ਐਂ.....?* [3]

ਇਸ ਤਰ੍ਹਾਂ ਜਮੀਨ ਦੀ ਮਾਲਕੀ ਦਾ ਮਿਆਰ ਲਗਾਤਾਰ ਗਿਰਦਾ ਜਾ ਰਿਹਾ ਹੈ। ਜੱਟ ਦੀ ਜਮੀਨ ਪ੍ਰਤੀਦਿਨ ਘਟੀ ਜਾ ਰਹੀ ਹੈ। ਅਫਸੋਸ ਦੀ ਗੱਲ ਇਹ ਹੈ ਕਿ ਸਰਕਾਰ ਦੀ ਖੇਤੀ, ਮਸ਼ੀਨੀਕਰਨ ਤੇ ਵਿਦਿਅਕ ਨੀਤੀ ਸਭ ਪੂਰੀ ਤਰ੍ਹਾਂ ਫੇਲ੍ਹ ਹੋਈਆਂ ਹਨ। ਮਸ਼ੀਨੀਕਰਨ ਨੇ ਹੱਥੀ ਕੰਮ ਕਰਨ ਵਾਲਿਆ ਨੂੰ ਵਿਹਲਾ ਕਰ ਦਿੱਤਾ।ਨਵੇਂ-ਨਵੇਂਸੰਦਾਂ ਤੇ ਮਸ਼ੀਨਰੀ ਨੇ ਪੈਦਾਵਾਰ ਵਿੱਚ ਬੇਸ਼ੁਮਾਰ ਵਾਧਾ ਕੀਤਾ ਪਰ ਸਰਕਾਰੀ ਪ੍ਰਬੰਧ ਇਸ ਅਨਾਜ ਭੰਡਾਰ ਨੂੰ ਸੰਭਾਲ ਨਾ ਸਕਿਆ ਤੇ ਅੰਨ ਤੋ ਅੰਨਦਾਤਾ ਮੰਡੀਆਂ ਵਿੱਚ ਹੀ ਰੁਲਦੇ ਰਹਿ ਗਏ। ਹੋਲੀ-ਹੋਲੀ ਮਹਿੰਗੀ ਮਸ਼ੀਨਰੀ ਦੇ ਖਰਚ ਤੇ ਕਰਜੇ ਦੀਆਂ ਕਿਸਤਾ ਨੇ ਕਿਸਾਨੀ ਦਾ ਲੱਕ ਤੋੜ ਦਿੱਤਾ। ਸਿੱਟੇ ਵਜੋਂ ਕਿਸਾਨਾ ਨੂੰ ਪਹਿਲਾਂ ਆਪਣੇ ਸੰਦ ਤੇ ਫਿਰ ਆਪਣੀ ਜਮੀਨ ਤੋਂ ਵੀ ਹੱਥ ਧੋਣੇ ਪਏ।

ਕਿਸਾਨੀ ਸਮਾਜ ਦੀ ਇਸ ਪਤਲੀ ਪੈ ਰਹੀ ਹਾਲਤ ਦਾ ਭਰਪੂਰ ਵੇਰਵਾ ਇਸ ਨਾਵਲ ਵਿੱਚ ਦਿਖਾਈ ਦਿੰਦਾ ਹੈ। ਸੱਚ ਇਹ ਹੈ ਕਿ ਕਿਸਾਨ ਮਿਹਨਤ ਕਰਨ ਚਾਹੁੰਦਾ ਹੈ ਤੇ ਆਪਣੇ ਸ਼ੌਂਕ ਵੀ ਪੂਰਾ ਕਰਨਾ ਚਾਹੁੰਦਾ ਹੈ ਪਰ ਪ੍ਰਸਥਿਤੀਆਂ ਦੇ ਨਾਲ-ਨਾਲ ਉਨ੍ਹਾਂ ਦੀ ਸੋਚ ਤੇ ਜੀਵਨ ਸ਼ੈਲੀ ਵਿੱਚ ਬਦਲਾਅ ਆਉਂਣਾ ਸੁਭਾਵਕ ਹੈ, ਕਈ ਵਾਰ ਕਿਸਾਨ ਆਪਣੀ ਮਾਲਕੀ ਨੂੰ ਜਾਂ ਤਾਂ ਗਵਾਉਣਾ ਨਹੀਂ ਚਾਹੁੰਦਾ ਜਾਂ ਕਈ ਵਾਰੀ ਸਵੈਂ-ਮਾਣ ਨੂੰ ਬਚਾਉਣ ਦੀ ਖਾਤਰ ਉਹ ਕਈ ਵਾਰ ਕਰਜੇ ਤੇ ਵਿਆਜ ਦੇ ਦੋਹਰੇ ਸ਼ਿਕੰਜੇ ਵਿੱਚ ਫਸ ਜਾਂਦਾ ਹੈ, ਜਿਸ ਕਰਕੇ ਉਸ ਨੂੰ ਆਪਣੀ ਮਾਲਕੀ ਤੋਂ ਬਿੱਲਕੁੱਲ ਹੀ ਕਿਨਾਰਾ ਕਰਨਾ ਪੈਂਦਾ ਹੈ, ਨਾਵਲ ਵਿਚਲਾ ਇਹ ਹਵਾਲਾ ਕਿਸਾਨਾਂ ਦੀ ਇਸ ਤ੍ਰਾਸਦੀ ਨੂੰ ਉਜਾਗਰ ਕਰਦਾ ਹੈ:-

*"ਚੰਗੀ ਸ਼ਾਨ ਹੈ ਇਹ? ਆੜਤੀਏ ਦੀ ਵਹੀ ਚ ਅੰਗੂਠਾ ਲਾ ਕੇ ਸ਼ਾਨ ਬਣਾਉਂਦੇ ਐਂ। ਜਦੋ ਅਗਲਾ ਗਲ ਚ ਹੱਥ ਦਿੰਦਾ ਐਂ ਤਾਂ ਖੂਹਾਂ 'ਚਛਾਲਾ ਮਾਰਦੇ ਐਂ। ਵਿਆਹ ਤੇ ਗਾਉਣ ਵਾਲਾ ਨਾ ਸੱਦਿਆ ਹੋਵੇ ਤਾਂ ਥੋੜ੍ਹੀ ਸ਼ਾਨ ਨਹੀਂ ਬਣਦੀ। ਉਹਨੂੰ ਪੰਜਾਹ-ਸੱਠ ਹਜਾਰ ਦੇ ਕੇ ਤੇ ਸ਼ਰਾਬੀ ਹੋ ਕੇ ਪੁੱਠੇ-ਸਿੱਧੇ ਭੰਗੜੇ ਪਾ ਕੇ ਥੋੜ੍ਹੀ ਸ਼ਾਨ ਬਣਦੀ ਐ. ਆਮਦਨ ਕਿਸੇ ਪਾਸਿਉ ਆਉਂਦੀ ਨੀ ਟਰੈਕਟਰ ਵੀ ਚਾਹੀਦੈ, ਜੀਪ ਵੀ ਚਾਹੀਦੀ ਐ. ਸਕੂਟਰ ਵੀ ਚਾਹੀਦੈ ....... ਟੈਲੀਵਿਜਨ ਵੀ ਚਾਹੀਦੈ ਮਰੂਤੀ ਵੀ ਘਰ ਵਿੱਚ ਖੜ੍ਹੀ ਹੋਵੇ, ਤੇ ਆਥਣ ਨੂੰ ਬੋਤਲ ਵੀ ਮੇਜ ਤੇ ਪਈ ਹੋਵੇ। ਕਿੱਥੋਂ ਆਉਂਣਗੇ ਖਰਚੇ? ..... ਕੰਮ ਭਈਏ ਕਰਨਗੇ ਜਾ ਸੀਰੀ। ਜੱਟ ਚਿੱਟੇ ਕੱਪੜੇ ਪੇ ਕੇ ਆਥਣ ਨੂੰ ਘੁੱਟ ਪੀ ਕੇ ਸ਼ਾਨ ਬਣਾਉਗਾ, ਮੈਂ ਜੱਟ ਹੁੰਨਾ।"* [4]

ਸਿੱਟੇ ਵਜੋਂ ਵਿਸ਼ਵੀਕਰਨ ਦੇ ਮਸ਼ੀਨਰੀ ਯੁੱਗ ਨੇ ਕਿਸਾਨੀ ਸਮਾਜ ਉਪਰ ਅਜਿਹਾ ਪ੍ਰਭਾਵ ਪਾਇਆ ਹੈ ਕਿ ਕਿਸਾਨਾਂ ਨੇ ਖਰਚੇ ਲੋੜ ਤੋਂ ਵੱਧ ਵਧਾ ਲਏ ਹਨ। ਸ਼ੌਂਕ ਅਜਿਹੇ ਹਨ ਕਿ ਜਿਨ੍ਹਾਂ ਲਈ ਮੋਟੀ ਰਕਮ ਚਾਹੀਦੀ ਹੈ ਤੇ ਇਸ ਦੀ ਪੂਰਤੀ ਲਈ ਉਹ ਹਰ ਜੁਗਾੜ ਨਾ ਦਿੰਦੇ ਹਨ। ਜਿਸ ਦੇ ਫਲਸਰੂਪ ਉਨ੍ਹਾਂ ਦੀ ਜਮੀਨ ਦੀ ਮਾਲਕੀ ਹੱਥੋਂ ਨਿਕਲ ਰਹੀ ਹੈ। ਕਿਸਾਨੀ ਤਬਕਾ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੁੰਦਾ ਹੈ ਜਿਸਦੇ ਨਤੀਜੇ ਵਜੋ ਜਿੱਥੇ ਉਨ੍ਹਾਂ ਦਾ ਸਮਾਜਕ ਤਾਣਾ-ਬਾਣਾ ਹਿਲਦਾ ਹੈ ਉਥੇ ਘਰੇਲੂ ਹਾਲਾਤ ਤੇ ਮਾਨਸਿਕ ਤਵਾਜਨ ਵੀ ਅਸੰਤੁਲਤ ਦਿਖਾਈ ਦਿੰਦਾ ਹੈ। ਵਿਸ਼ਵੀਕਰਨ ਦੀ ਚਕਾਚੌਂਧ ਵਿਚ ਜਿਥੇ ਸਾਡੇ ਮਾਨ-ਪ੍ਰਤੀਮਾਨ, ਨੈਤਿਕ ਕਦਰਾਂ ਕੀਮਤਾਂ ਤੇ ਸਭਿਆਚਾਰ ਵਿੱਚ ਬਹੁਤ ਵੱਡੀ ਤਬਦੀਲੀ ਦਿਖਾਈ ਦਿੰਦੀ ਹੈ ਉਥੇ ਸਾਡੇ ਸਮਾਜਕ ਜੀਵਨ ਤੇ ਖਾਸ ਤੌਰ ਤੇ ਕਿਸਾਨੀ ਸਮਾਜ ਨੂੰ ਭਾਰੀ ਸੱਟ ਵੱਜੀ ਦਿਖਾਈ ਦਿੰਦੀ ਹੈ ਜੋ ਨਾਵਲ ਵਿਚਲੇ ਬਿਰਤਾਂਤ ਤੇ ਇਸ ਵਿਚਲੇ ਪਾਤਰਾਂ ਦੀ ਮਾਨਸਿਕਤਾ ਤੇ ਮਨੋਬਿਰਤੀ ਤੋਂ ਸਾਫ ਝਲਕਦੀ ਹੈ। ਵਿਸ਼ਵੀਕਰਨ ਦਾ ਇਹ ਵਰਤਾਰਾ ਮਸ਼ੀਨੀ ਯੁੱਗ ਦਾ ਸੰਕਲਪ ਸੀ ਜਿਸ ਨੇ ਸਾਡੇ ਖੇਤੀ ਪ੍ਰਧਾਨ ਮੁਲਕ ਵੱਲ ਆਪਣੀਆਂ ਜੜ੍ਹਾ ਫੈਲਾ ਕੇ ਸਾਡੇ ਸਾਰੇ ਸਿਸਟਮ ਨੂੰ ਤਹਿਸ ਨਹਿਸ ਕਰ ਦਿੱਤਾ ਹੈ। ਇਸ ਨੇ ਸੁਪਨੇ ਤਾਂ ਸੁਨਹਿਰੇ ਦਿਖਾਏ ਸਨ ਪਰ ਸਾਡੀ ਨੈਤਿਕਤਾ ਤੇ ਉਚ ਸਭਿਆਚਾਰ ਇਸ ਹਨੇਰੀ ਵਿੱਚ ਕਿਤੇ ਧੁੰਦਲੇ ਦਿਖਾਈ ਦਿੰਦੇ ਹਨ।

ਵਿਸ਼ਵੀਕਰਨ ਵਰਤਮਾਨ ਸਮੇਂ ਦੀ ਜਰੂਰਤ ਵੀ ਹੈ ਤੇ ਇਸ ਦੇ ਨਾਲ ਤੁਰਨਾ ਵੀ ਜਰੂਰੀ ਹੈ ,ਜਿਵੇਂ ਕਿਸੇ ਵੀ ਪਰਿਵਤਰਨ ਦੇ ਕੁੱਝ ਚੰਗੇ ਤੇ ਮਾੜੇ

ਪ੍ਰਭਾਵ ਵੀ ਹੁੰਦੇ ਹਨ, ਇਸੇ ਤਰ੍ਹਾਂ ਵਿਸ਼ਵੀਕਰਨ ਵੀ ਭਾਵੇਂ ਵਿਕਸਿਤ ਮੁਲਕਾਂ ਦੀ ਜਰੂਰਤ ਦੀ ਕਾਢ ਹੈ ਤੇ ਉਹ ਪੱਛੜੇ ਮੁਲਕਾਂ ਨੂੰ ਆਪਣੇ ਉਤਪਾਦਨ ਲਈ ਖੁੱਲ੍ਹੀ ਮੰਡੀ ਅਤੇ ਇਨ੍ਹਾਂ ਮੁਲਕਾਂ ਵਿੱਚ ਵੱਧ ਤੋਂ ਵੱਧ ਉਪਭੋਗਤਾ ਬਣਾਉਣਾ ਚਾਹੁੰਦੇ ਹਨ, ਜਿਸ ਨਾਲ ਵੱਡੇ ਤੇ ਛੋਟੇ ਮੁਲਕਾਂ ਦੇ ਆਪਸੀ ਕਾਰ-ਵਿਹਾਰ ਤੇ ਲੈਣ-ਦੇਣ ਵਿੱਚ ਕਾਫੀ ਵਾਧਾ ਵੀ ਹੋਇਆ ਹੈ। ਬੇਸ਼ੱਕ ਇਸ ਖੁੱਲ੍ਹੀ ਮੰਡੀ ਤੇ ਵਪਾਰ ਨਾਲ ਬਹੁਤਾ ਲਾਭ ਵੱਡੇ ਮੁਲਕਾਂ ਨੂੰ ਹੀ ਜਾਂਦਾ ਹੈ ਪਰ ਕਿਤੇ ਨਾ ਕਿਤੇ ਪਿਛੜੇ ਮੁਲਕ ਵੀ ਉਨ੍ਹਾਂ ਦੀ ਇਸ ਪਹਿਲ ਨਾਲ ਆਪਣੇ ਵਿਕਾਸ ਦੇ ਰਾਹ ਤੇ ਪਏ ਹਨ, ਜਿਸ ਕਰਕੇ ਜੀਵਨ ਦੇ ਹਰ ਖੇਤਰ ਵਿੱਚ ਬਦਲਾਵ ਆਇਆ ਹੈ। ਇਹ ਪੱਛੜੇ ਮੁਲਕਾਂ ਤੇ ਉਹਨਾਂ ਦੀ ਆਰਥਿਕਤਾ ਉੱਪਰ ਨਿਰਭਰ ਕਰਦਾ ਹੈ ਕਿ ਉਹ ਵਿਕਸਤ ਦੇਸ਼ਾਂ ਦੀਆਂ ਕਿਹੜੀਆਂ ਸ਼ਰਤਾਂ ਤੇ ਨਿਯਮਾਂ ਤਹਿਤ ਉਹਨਾਂ ਨਾਲ ਕਾਰੋਬਾਰ ਕਰਨ ਨੂੰ ਤਰਜੀਹ ਦਿੰਦੇ ਹਨ। ਇਸ ਲਈ ਹਰੇਕ ਵਰਗ ਨੂੰ ਭਾਵੇ ਉਹ ਵਪਾਰੀ,ਕਿਸਾਨੀ ਜਾਂ ਆਮ ਵਰਗ ਕਿਸੇ ਨਾਲ ਸਬੰਧਤ ਹੋਵੇ ਕਿਸੇ ਵੀ ਬਦਲਾਵ ਨੂੰ ਅਪਨਾਉਣ ਲਈ ਆਪਣੇ ਹਾਲਾਤਾਂ ਨੂੰ ਜਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਪੂੰਜੀਵਾਦ ਤੇ ਵਿਸ਼ਵੀਕਰਨ ਨੇ ਕਿਸਾਨੀ ਦੀ ਤਰੱਕੀ ਲਈ ਕਾਫੀ ਮੌਕੇ ਪੈਦਾ ਕੀਤੇ ਹਨ ਤੇ ਨਵੇਂ ਰਾਹ ਖੋਲ੍ਹੇ ਹਨ। ਪਰ ਪੰਜਾਬ ਦੇ ਕਿਸਾਨਾਂ ਨੂੰ ਇਸ ਬਦਲਾਵ ਨੂੰ ਸਹਿਜਤਾ ਨਾਲ ਲੈਣਾ ਚਾਹੀਦਾ ਹੈ। ਪੂੰਜੀਵਾਦ ਦੀ ਖੁੱਲ੍ਹ ਨੂੰ ਆਪਣੇ ਸਰੋਤਾਂ ਅਨੁਸਾਰ ਹੀ ਵਰਤਣਾ ਚਾਹੀਦਾ ਹੈ। ਮੁਕਦੀ ਗੱਲ ਇਹ ਹੈ ਕਿ "**ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ**"।

## *ਹਵਾਲੇ ਅਤੇ ਟਿੱਪਣੀਆਂ*


1. *ਬਲਦੇਵ ਸਿੰਘ, 'ਅੰਨਦਾਤਾ', ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ, ਪੰਨਾ:141*
2. *ਬਲਦੇਵ ਸਿੰਘ, 'ਅੰਨਦਾਤਾ', ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ, ਪੰਨਾ:151*
3. *ਬਲਦੇਵ ਸਿੰਘ, 'ਕੱਚੀਆਂ ਕੰਧਾ', ਅੰਗਦ ਪਬਲੀਕੇਸ਼ਨ ਜਲੰਧਰ, ਪੰਨਾ:365*
4. *ਬਲਦੇਵ ਸਿੰਘ, 'ਅੰਨਦਾਤਾ', ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ, ਪੰਨਾ:312*


***Cite this Article-***


ਪ੍ਰੋ. ਰਾਜਵਿੰਦਰ ਕੋਰ (Prof. Rajwinder Kaur), ਵਿਸ਼ਵੀਕਰਨ: ਕਿਸਾਨੀ ਸਮੱਸਿਆ ਤੇ ਬਲਦੇਵ ਸਿੰਘ ਦੇ ਨਾਵਲ (VISHVIKARAN: KISANI SAMASYA TE BALDEV SINGH DE NOVEL), *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 55-62.*

***Journal URL:*** www.armaan.org.in

**DOI:** https://doi.org/10.64119/armaan.vol.3.issue3.09



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*